ਹਿੰਦੁਸਤਾਨ ਦੀ ਆਜ਼ਾਦੀ ਦੀ ਲਹਿਰ ਦਾ
ਸੁਆਦਲਾ ਨਾਵਲ

675

# ਬਾਗ਼ੀ ਸੁੰਦਰੀ

5230

ਲੇਖਕ–

ਪ੍ਰਸਿਧ ਇਤਿਹਾਸਕ ਨਾਵਲਾਂ ਦੇ ਕਰਤਾ–
ਗਿਆਨੀ ਤ੍ਰਿਲੋਕ ਸਿੰਘ ਜੀ 'ਤੂਫਾਨ'

ਪ੍ਰਕਾਸ਼ਕ–
ਭਾਈ ਮੋਹਰ ਸਿੰਘ ਐਂਡ ਸੰਨਜ਼
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਪਹਿਲੀ ਵਾਰ ੧੦੦੦   ੧੯੫੫   ਮੁੱਲ ੧॥)

# ਗਿਆਨੀ ਤ੍ਰਿਲੋਕ ਸਿੰਘ ਜੀ 'ਤੂਫਾਨ'
# ਲਿਖਤ ਹੋਰ ਨਾਵਲਾਂ

| | | |
|---|---|---|
| ੧. | ਮਹਾਰਾਣੀ ਚੰਦ ਕੌਰ | ੧॥=) |
| ੨. | ਮਹਾਰਾਣੀ ਜਿੰਦ ਕੌਰ | ੨॥ |
| ੩ | ਗੁਰਦਾਸ ਨੰਗਲ ਦੇ ਸ਼ਹੀਦ | ੨॥) |
| ੪ | ਸਿੱਖ ਰਾਜ ਦੀਆਂ ਸ਼ਾਮਾਂ | ੨) |
| ੫ | ਅਣਖੀਲਾ ਜਰਨੈਲ (ਸ: ਹਰੀ ਸਿੰਘ ਨਲੂਆ) | ੨) |
| ੬ | ਬਹਾਦਰ ਸ਼ਰਨ ਕੌਰ | ੧॥) |
| ੭ | ਬਹਾਦਰ ਸਾਹਿਬ ਕੌਰ ਪਟਿਆਲਾ | ੨) |
| ੮. | ਸਿੱਖ ਜਗਤ ਦੇ ਚਮਕਦੇ ਸਤਾਰੇ | ੪) |
| ੯. | ਸ: ਭਗਤ ਸਿੰਘ 'ਸ਼ਹੀਦ' | ੨) |
| ੧੦. | ਸਬਰ ਦੇ ਘੁਟ | ੨) |
| ੧੧. | ਲਗੀਆਂ ਤੋੜ ਨਿਭਾਈਏ | ੧॥=) |
| ੧੨. | ਵਿਸਾਹ ਘਾਤ | ੩) |
| ੧੩. | ਬਾਗ਼ੀ ਹੁਸੀਨਾ | ੧) |
| ੧੪. | ਸਮਾਜ ਦੇ ਆਗੂ | ੧॥) |
| ੧੫. | ਪ੍ਰੀਤ ਅਧਵਾਟੇ | ੧॥) |

T51 B
523

ਇਹ ਸਾਰੇ ਨਾਵਲ ਮਿਲਣ ਦਾ ਪਤਾ—

## ਭਾਈ ਮੇਹਰ ਸਿੰਘ ਐਂਡ ਸੰਨਜ਼

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਮੁੱਖ ਬੰਧ

ਸ੍ਰੀ ਮਾਨ ਗਿਆਨੀ ਤ੍ਰਿਲੋਕ ਸਿੰਘ ਜੀ 'ਤੂਫ਼ਾਨ' ਦਾ ਹ ਅਠਾਹਰਵਾਂ ਨਾਵਲ ਹੈ। ਆਪਿ ਇਸ ਤੋਂ ਪਹਿਲਾਂ ੧੭ ਵਲ ਲਿਖ ਚੁੱਕੇ ਹਨ। ਜਿਹੜੇ ਸਿੱਖ ਜਨਤਾ ਵਿੱਚ ਬੜੀ ਧਾ ਤੇ ਲਗਨ ਨਾਲ ਪੜ੍ਹੇ, ਪਿਆਰੇ ਤੇ ਸਤਕਾਰੇ ਜਾਂਦੇ । ਸੱਚ ਕਹੀਏ ਤਾਂ ਸ: ਨਾਨਕ ਸਿੰਘ ਤੇ ਭਾਈ ਵੀਰ ਘ ਜੀ ਦੇ ਪਿੱਛੋਂ ਤੀਸਰੇ ਨਾਵਲਿਸਟ ਤੇ ਇਤਿਹਾਸਕਾਰ ਫ਼ਾਨ ਜੀ' ਹਨ। ਆਪ ਦੀ ਪਹਿਲੀ ਪੁਸਤਕ ਮਹਾਰਾਣੀ ਦ ਕੌਰ ੧੯੪੦ ਵਿੱਚ ਛੱਪੀ ਸੀ। ਉਸ ਨਾਵਲ ਦੇ ਛਪਣ ਛੋਂ ਆਪ ਲਗਾਤਾਰ ਲਿਖੀ ਗਏ। ਨਾਵਲ ਲਿਖਣ ਦੇ ਲ ਨਾਲ ਆਪ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ੧੮੫੦ ਕ ਚਾਰ ਜਿਲਦਾਂ ਵਿੱਚ ਸਿੱਖ ਇਤਿਹਾਸ ਵੀ ਪੂਰਾ ਖਿਆ ਹੈ ਤੇ ਹੁਣ ੧੮੫੧ ਤੋਂ ੧੯੫੫ ਤੱਕ ਦੋਂਹ ਜਿਲਦਾਂ ਚ ਵਰਤਮਾਨ ਸਿੱਖ ਇਤਿਹਾਸ ਲਿੱਖ ਰਹੇ ਹਨ, ਜੋ ਛੇਤੀ ਹੀ ਪਣਾ ਸ਼ੁਰੂ ਹੋ ਜਾਏਗਾ।

ਇਸ ਨਾਵਲ ਵਿਚ ੧੯੨੭ ਤੋਂ ੧੯੩੧ ਦੇ ਆਜ਼ਾਦੀ ਲਹਿਰ ਦੀਆਂ ਕੁਝ ਅਮਰ ਘਟਨਾਵਾਂ ਦਾ ਬਿਆਨ ਹੈ। ਟਨਾਵਾਂ ਵਤਨ ਪਿਆਰ ਨਾਲ ਗੁੜਚ ਹੋਈਆਂ ਹੋਈਆਂ ਨ। ਵਤਨ ਦੇ ਸਿਰਲਥ ਪ੍ਰੇਮੀਆਂ ਨੇ ਕਿਵੇਂ ਆਪਣੀਆਂ ਵਾਨੀਆਂ ਅਕਲਾਂ ਤੇ ਜਾਨਾਂ ਨੂੰ ਭਾਰਤ ਮਾਤਾ ਦੇ ਸੁਤੰਤ੍ਰ ਰਾਉਣ ਬਦਲੇ ਆਜ਼ਾਦੀ ਦੀ ਜਵਾਲਾ ਦੇ ਹਵਨ ਕੁੰਡ ਵਿੱਚ ਹੁਤੀਆਂ ਪਾਈਆਂ ਹਨ। ਬੜੀ ਸੁਆਦਲੀ ਤੇ ਸਰਲ ਜਾਬੀ ਵਿੱਚ ਲਿਖਿਆ ਹੈ। 'ਪਹਾੜੀ ਸ਼ੇਰ' ਤੇ 'ਬਾਗੀ

ਸੁੰਦਰੀਆਂ ਕੁਸ਼ਲਿਆ ਤੇ ਵੀਨਾ' ਉਨ੍ਹਾਂ ਪੜ੍ਹੇ ਲਿਖੇ, ਅ
ਤੇ ਗਰੀਬ ਦੇਸ਼ ਭਗਤਾਂ ਦੇ ਪ੍ਰਤੀਨਿਧ ਹਨ, ਜਿਨ੍ਹਾਂ ਨੇ ਹਜ਼
ਦੀ ਗਿਣਤੀ ਵਿੱਚ ਜਲਿਆਂ ਵਾਲੇ ਬਾਗ, ਚੋਰਾ-ਚੋਰ
ਮੈਦਾਨ ਵਿੱਚ, ਲਾਹੌਰ, ਪਸ਼ਾਵਰ ਅਤੇ ਦਿਲੀ ਆ
ਸ਼ਹਿਰਾਂ ਵਿੱਚ ਅੰਗਰੇਜ਼ੀ ਸਾਮਰਾਜ ਦੇ ਬਹੁਤ ਭਿਆ
ਤਸ਼ਦਦ ਨੂੰ ਖ਼ੁਸ਼ੀ ਖੁਸ਼ੀ ਝਲਿਆ। ਵੀਹ ਵੀਹ ਸਾਲ
ਕਟੀਆਂ। ਅਨੇਕਾਂ ਰਾਤਾਂ ਜੰਗਲਾਂ ਪਹਾੜਾਂ ਤੇ ਗਰਮੀਅ
ਸਿਆਲੇ ਦੀਆਂ ਰਾਤਾਂ ਵਿੱਚ ਜ਼ਫਰ ਜਾਲੇ। ਉਨ੍ਹਾਂ ਸ਼ਹ
ਦੀ ਬਦੌਲਤ ਹੀ ਦੇਸ਼ ਆਜ਼ਾਦ ਹੋਇਆ ਹੈ। ਭਾਵੇਂ
ਨਾਵਲ ਵਿੱਚ ਆਏ ਨਾਂ ਫਰਜੀ ਹਨ, ਫਿਰ ਵੀ ਸਾਰ
ਘਟਨਾਵਾਂ ਇਤਿਹਾਸਕ ਸਚਾਈ ਦੇ ਨੇੜੇ ਹਨ।

'ਤੁਫਾਨ ਜੀ' ਨੂੰ ਇਸ ਨਾਵਲ ਲਿਖਣ ਬ
ਜਿਥੇ ਵਧਾਈ ਦੇਂਦਾ ਹਾਂ, ਉਥੇ ਉਨ੍ਹਾਂ ਪਾਸੋਂ ਆਸ ਕਰਦੇ
ਕਿ ਪੰਜਾਬੀ ਸਾਹਿੱਤ ਦੇ ਭੰਡਾਰੇ ਨੂੰ ਭਰਪੂਰ ਕਰਨ ਵਾ
ਸਮਾਜਕ ਤੇ ਇਤਿਹਾਸਕ ਨਾਵਲ ਹੋਰ ਬਹੁਤੇ ਲਿੱਖ
ਪੰਜਾਬੀ ਪਾਠਕਾਂ ਨੇ ਜਿਵੇਂ ਆਪ ਦੀਆਂ ਪਹਿਲ
ਰਚਨਾਵਾਂ ਨੂੰ ਸਤਕਾਰਿਆ ਹੈ ਤਿਵੇਂ ਇਸ ਨੂੰ ਵੀ
ਆਇਆਂ ਆਖਣਗੇ। ਅਸੀਂ ਵੀ ਯਤਨ ਕਰਾਂਗੇ ਕਿ ਅ
ਦੇ ਹੋਰ [illegible]ਵਲਾਂ ਨੂੰ ਛਾਪੀਏ ਤਾਂਕਿ ਪੰਜਾਬੀ ਸਹਿਤ
[illegible] ਵਧੇ। ਦਾਸ—ਮੇਹਰ ਸਿੰਘ ਰਾਗੀ ਅੰਮ੍ਰਿਤਸਰ

—o—

# ਬਾਗ਼ੀ ਸੁੰਦ੍ਰੀ

## ੧.

"ਹਿੰਦੁਸਤਾਨ ਸਾਡਾ ਹੈ !"
"ਅੰਗ੍ਰੇਜ਼ ਸਾਮਰਾਜ ਦਾ ਨਾਸ਼ ਹੋਵੇ !"
"ਇੰਨਕਲਾਬ ਜ਼ਿੰਦਾਬਾਦ !"
"ਸੁਭਾਸ਼ ਚੰਦਰ ਜ਼ਿੰਦਾਬਾਰ !"
"ਅੰਗ੍ਰੇਜ਼ ਨੂੰ ਮਾਰੋ !"
"ਅੰਗ੍ਰੇਜ਼ ਦੇ ਪਿੱਠੂਆਂ ਨੂੰ ਮਾਰੋ !"

ਉਪਰੋਕਤ ਨਾਹਰਿਆਂ ਨਾਲ ਅਸਮਾਨ ਨੂੰ ਗੀਜਾਉਂਦਾ ਹੋਇਆ ਭਾਰੀ ਜਲੂਸ ਸਾਗਰ ਦੀ ਲਹਿਰ ਵਾਂਗ ਪੁਲੀਸ ਦੇ ਵੱਡੇ ਅਫਸਰ ਐਸ.ਐਸ.ਪੀ. ਦੇ ਬੰਗਲੇ ਵਲ ਵਧ ਰਿਹਾ ਸੀ, ਉਸ ਮਾਨੁੱਖ ਕੱਠ ਵਿੱਚ ਬਾਰਾਂ ਸਾਲ ਦੇ ਬੱਚਿਆਂ ਤੋਂ ਲੈ ਕੇ ਪੰਜਾਹ ਸੱਠ ਸਾਲ ਦੇ ਬੁੱਢੇ ਸਨ। ਸਭ ਦੇ ਮਨ ਵਿੱਚ ਇੱਕੋ ਇੱਛਾ ਸੀ, ਇੱਕੋ ਕਰਮ ਤੇ ਇੱਕੋ ਪਾਸੇ ਨੂੰ ਵਧੇ ਜਾਂਦੇ ਸਨ। ਸਭ ਦੇ ਅੱਗੇ ਇੰਨਕਲਾਬੀ ਚਰਖੇ ਵਾਲਾ ਝੰਡਾ ਸੀ। ਜੋ ਵੀਹ

ਫੁਟ ਲੰਮੇ ਬਾਂਸ ਦੀ ਚੋਟੀ ਉਤੇ ਫਰਾਟੇ ਮਾਰ ਰਿਹਾ ਸੀ।

ਇਹ ਦਲ ਨਿਹੱਥਾ ਨਹੀਂ ਸੀ। ਡਾਂਗਾਂ ਕੁਹਾੜੀਆਂ, ਬਰਛੀਆਂ, ਛੋਟੇ ਛੋਟੇ ਡੰਡੇ ਅਤੇ ਇੱਟਾਂ-ਰੋੜੇ ਸਨ। ਜੋ ਖਾਲੀ ਹੱਥ ਹਨ, ਉਨ੍ਹਾਂ ਕੋਲ ਏਕਤਾ ਦਾ ਵੱਡਾ ਅਤੇ ਖ਼ੂਨੀ ਹੱਥਿਆਰ ਸੀ। ਨਾਲ ਹੀ ਇਹ ਸਾਰਿਆਂ ਨੂੰ ਗਿਆਨ ਹੋ ਚੁੱਕਾ ਸੀ ਕਿ ਉਹ ਸਾਰੇ ਭਾਈ ਭਾਈ ਹਨ। ਉਨ੍ਹਾਂ ਦਾ ਲਹੂ ਇੱਕ ਹੈ। ਆਪਣੇ ਪਿਆਰੇ ਵਤਨ ਨੂੰ ਆਜ਼ਾਦ ਕਰਾਉਣ ਲਈ ਉਹ ਸਾਰੇ ਇਕੱਠੇ ਜਾਨ ਦੇਣ ਵਾਸਤੇ ਤਿਆਰ ਹਨ। ਜਾਗਰਤਾ ਨੇ ਉਨ੍ਹਾਂ ਦੇ ਦਿਲਾਂ ਵਿੱਚ ਵੈਰ-ਵਿਰੋਧ ਦੀ ਭਿਆਨਕ ਜੁਵਾਲਾ ਨੂੰ ਠੰਢਿਆਂ ਕਰ ਦਿੱਤਾ ਸੀ। ਅੰਗ੍ਰੇਜ਼ਾਂ ਨੇ ਉਨ੍ਹਾਂ ਦੇ ਵੀਰਾਂ ਨੂੰ ਜੇਹਲਾਂ ਵਿਚ ਭੁੱਖਿਆਂ, ਨੰਗਿਆਂ ਤੇ ਨੀਵੀਆਂ ਤੋਂ ਨੀਵੀਆਂ ਸਜਾਵਾਂ ਦੇ ਦੇ ਕੇ, ਤੋਪਾਂ, ਗੋਲੀਆਂ ਅਤੇ ਫਾਂਸੀਆਂ ਦੇ ਰੱਸਿਆਂ ਰਾਹੀਂ ਸ਼ਹੀਦ ਕੀਤਾ ਸੀ। ਉਨ੍ਹਾਂ ਸਾਰਿਆਂ ਦੇ ਖ਼ੂਨ ਦਾ ਬਦਲਾ ਲੈਣ ਉਤੇ ਤੁਲੇ ਸਨ।

ਗੁੱਸੇ ਨਾਲ ਭਖਿਆ ਇਕੱਠ, ਕਈਆਂ ਥਾਵਾਂ ਤੋਂ ਹੁੰਦਾ ਹੋਇਆ, ਪੁਲੀਸ ਸੁਪਰੀਟੈਂਡੈਂਟ ਦੇ ਬੰਗਲੇ ਦੇ ਨੇੜੇ ਪੁੱਜ ਗਿਆ। ਜਿਉਂ ਹੀ ਗਭਰੂਆਂ ਨੇ ਤੱਕਿਆ ਕਿ ਰਾਮ ਪ੍ਰਸਾਦ ਦਾ ਬੰਗਲਾ ਏ। ਜ਼ਾਲਮ ਰਾਮ ਪ੍ਰਸਾਦ ਦਾ ਤਾਂ ਜੋਸ਼ ਨਾਲ ਨਾਹਰੇ ਲਗਣੇ ਸ਼ੁਰੂ ਹੋ ਗਏ। "ਬੰਗਲਾ ਸਾੜ ਦਿਓ! ਅੰਗ੍ਰੇਜ਼ ਪਿੱਠੂ ਕੁੱਤੇ ਨੂੰ ਜਾਨੋ ਮਾਰੋ!"

ਰਾਮ ਪ੍ਰਸਾਦ ਪੁਲੀਸ ਸੁਪਰੀਟੈਂਡਟ ਉਤੇ ਗੁੱਸਾ ਇਸ ਕਰਕੇ ਸੀ ਕਿ ਉਸ ਨੇ ਦੋ ਦਿਨ ਪਹਿਲੇ ਮਾਹਲਪੁਰ ਦੇ ਨੇੜੇ

ਇਕ ਜਲਸੇ ਵਿੱਚ ਇਕੱਠੇ ਹੋਏ ਦੇਸ਼ ਭਗਤਾਂ ਉਤੇ ਗੋਲੀ ਚਲਾਈ ਸੀ। ਉਸ ਦਾ ਨਤੀਜਾ ਪੰਜਾਂ ਗਭਰੂਆਂ ਤੇ ਦੋਂਹ ਲੀਡਰਾਂ ਦੀ ਮੌਤ ਨਾਲ ਨਿਕਲਿਆ ਸੀ। ਸ਼ਹੀਦ ਹੋਏ ਇੱਕ ਗਭਰੂ ਦਾ ਛੋਟਾ ਭਰਾ ਜੀਵਨ ਮੂਰਤੀ ਅਤੇ ਇੱਕ ਸ਼ਹੀਦ ਹੋਏ ਲੀਡਰ ਦੀ ਨੌਜੁਆਨ ਲੜਕੀ ਕੁਸ਼ਲਿਆ ਉਸ ਜਾਲੂਸ ਦੇ ਮੋਹਰੇ ਸੀ। ਜੀਵਨ ਮੂਰਤੀ ਦੇ ਹੱਥ ਵਿੱਚ ਝੰਡਾ ਸੀ ਤੇ ਕੁਸ਼ਲਿਆ ਬਾਂਹ ਉਚੀ ਕਰਕੇ ਨਾਹਰੇ ਲਵਾਈ ਆਉਂਦੀ ਸੀ। ਇਨ੍ਹਾਂ ਦੋਹਾਂ ਦੇ ਹੁਕਮ ਤੋਂ ਬਿਨਾਂ ਜਾਲੂਸ ਦਾ ਕੋਈ ਮੈਂਬਰ ਕੋਈ ਹਰਕਤ ਨਹੀਂ ਸੀ ਕਰਦਾ।

ਸਾਰਾ ਇਕੱਠ ਬੰਗਲੇ ਦੇ ਹਾਤੇ ਅੰਦਰ ਪਹੁੰਚ ਗਿਆ ਅਤੇ ਬੰਗਲੇ ਨੂੰ ਘੇਰ ਲਿਆ ਕੋਈ ਨੱਠ ਕੇ ਪਟਰੌਲ ਅਤੇ ਮਿੱਟੀ ਦੇ ਤੇਲ ਦੇ ਪੀਪੇ ਚਕਵਾ ਲਿਆਇਆ। ਕਿਸੇ ਨੇ ਜੇਬ ਵਿੱਚੋਂ ਦੀਵਾ ਸਲਾਈ ਕੱਢੀ। ਬੰਗਲੇ ਨੂੰ ਸਾੜ ਸੁਵਾਹ ਤੇ ਢਾਹ ਢੇਰੀ ਕਰਨ ਦਾ ਪੱਕਾ ਇਰਾਦਾ ਕਰ ਲਿਆ। ਛੋਟੇ ਛੋਟੇ ਮੁੰਡੇ ਫੁਲਾਂ, ਗਮਲਿਆਂ ਅਤੇ ਸ਼ੀਸ਼ਿਆਂ ਨੂੰ ਤੋੜਨ ਵਾਸਤੇ ਕਮਰ ਕੱਸੇ ਕਰ ਰਹੇ ਸਨ ਕਿ ਅਚਾਨਕ ਬੰਗਲੇ ਦੇ ਵਿਚਕਾਰਲੇ ਕਮਰੇ ਦਾ ਬੂਹਾ ਖੁਲ੍ਹਿਆ ਤੇ ਇਕ ਸੁੰਦਰੀ, ਜਿਸ ਦੀ ਉਮਰ ਮਸਾਂ ਵੀਹ ਸਾਲ ਹੋਵੇਗੀ ਤੇ ਜਿਸ ਦੀਆਂ ਮੋਟੀਆਂ ਅੱਖਾਂ ਵਿੱਚ ਤਰਲਾ ਸੀ। ਨਾਲ਼ ਦੋ ਬੱਚੇ ਲੈ ਕੇ ਬਾਹਰ ਨਿਕਲੀ। ਉਸ ਨੇ ਭਾਰੀ ਇੱਕਠ ਨੂੰ ਦੇਖਿਆ ਅਤੇ ਜੀਵਨ ਮੂਰਤੀ ਵਲ ਨਿਗਾਹ ਕਰਕੇ ਉੱਚੀ ਸਾਰੀ ਬੋਲੀ,—"ਮੇਰੇ ਵੀਰੋ ! ਸਾਹਿਬ ਆਫਸ ਗਏ ਨੇ। ਉਹ ਮੇਰੇ ਵਡੇ ਭਰਾ ਹਨ

ਤੇ ਮੈਂ ਉਨ੍ਹਾਂ ਦੀ ਭੈਣ ਮੈਂ ਕਲ ਹੀ ਕਲਕਤੇ ਤੋ ਆ ਰਹੀ ਹਾਂ। ਪਰ ਮੈਂ ਆਪਣੇ ਭਰਾ ਦੀਆਂ ਕਾਲੀਆਂ ਕਰਤੂਤਾਂ ਸੁਣ ਲਈਆਂ ਹਨ। ਮੇਰੀ ਭਰਜਾਈ ਵੀ ਏਥੇ ਨਹੀਂ। ਇਹ ਦੋ ਮਾਸੂਮ ਬੱਚੇ ਮੇਰੇ ਭਤੀਜੇ ਹਨ। ਕੀ ਮੇਰੇ ਤੇ ਇਨ੍ਹਾਂ ਬੱਚਿਆਂ ਨਾਲ ਕੋਈ ਆਪ ਦਾ ਵੈਰ ਹੈ ?

"ਨਹੀਂ !" ਇੱਕਠ ਵਿਚੋਂ ਅਵਾਜ਼ ਆਈ।

"ਫਿਰ ਨਾ ਬੰਗਲੇ ਨੂੰ ਸਾੜੋ, ਨਾ ਬਗੀਚੀ ਨੂੰ ਬਰਬਾਦ ਕਰੋ ਅਤੇ ਨਾ ਹੀ ਵਰਤੋਂ ਦਾ ਸਾਮਾਨ ਖਰਾਬ ਕਰੋ ! ਇਹ ਸਭ ਕੁਝ ਇਨ੍ਹਾਂ ਮਾਸੂਮ ਬੱਚਿਆਂ ਵਾਸਤੇ ਹੈ। ਜੋ ਪਾਪ ਕਰ ਰਿਹਾ, ਉਸਨੂੰ ਭੰਨ ਦਿਓ। ਪਰ ਉਹ ਘਰ ਨਹੀਂ !"

ਇਕੱਠ ਵਿੱਚੋਂ ਅਵਾਜ਼ਾਂ ਉਠੀਆਂ:—

"ਚਲਾਕ ਸੁੰਦਰੀ ਦੀਆਂ ਚਾਲਾਂ ਵਿਚ ਨਹੀਂ ਆਉਣਾ ਚਾਹੀਦਾ।"

ਸਾੜ ਦਿਓ ! ਰੁਕੋ ਨਾ ! ਪੁਲੀਸ ਆ ਜਾਏਗੀ, ਛੇਤੀ ਕਰੋ !

ਪਰ ਕੁਸ਼ਲਿਆ ਅੱਗੇ ਹੋਈ ਤੇ ਇੱਕ ਬੱਚੇ ਨੂੰ ਕੁਛੜ ਚੁਕ ਕੇ ਬੋਲੀ, "ਮਾਸੂਮ ਬੱਚਿਆਂ ਤੇ ਤੇਰੇ ਨਾਲ ਸਾਡਾ ਕੋਈ ਵੈਰ ਨਹੀਂ। ਮਿਸਟਰ ਰਾਮ ਪ੍ਰਸਾਦ ਨਾਲ ਵੀ ਸਾਡੀ ਦੁਸ਼ਮਨੀ ਨਹੀਂ, ਸਿਰਫ ਗੁੱਸਾ ਉਸ ਤੇ ਇਸ ਕਰਕੇ ਹੈ ਕਿ ਉਹ ਜ਼ਾਲਮ ਤੇ ਲੁਟੇਰੀ ਪ੍ਰਦੇਸੀ ਹਕੂਮਤ ਦਾ ਇਕ ਪੁਰਜ਼ਾ ਬਣ ਕੇ ਨਿਹੱਥਿਆਂ ਤੇ ਨਿਰਦੋਸਿਆਂ ਭਾਰਤੀਆਂ ਦੇ ਲਹੂ ਨਾਲ ਧਰਤੀ ਰੰਗ ਰਿਹਾ ਹੈ। ਜੇ ਉਹ ਪੁਲੀਸ ਦੀ ਨੌਕਰੀ ਛੱਡ ਦੇਵੇ

ਤਾਂ ਉਸ ਨੂੰ ਵੀ ਸ਼ਾਇਦ ਮੁਆਫ਼ ਕੀਤਾ ਜਾਏ।"

ਉਸੇ ਵੇਲੇ ਪਿਛੋਂ ਅਵਾਜ਼ ਆਈ। "ਹਥਿਆਰ ਬੰਦ ਪੁਲੀਸ ਆ ਗਈ।" ਇਹ ਸੁਣ ਕੇ ਜਿਹੜੇ ਤਮਾਸ਼ਬੀਨ ਸਨ ਉਹ ਨਸ ਉੱਠੇ। ਕੋਈ ਕਿਧਰੇ ਖਿਸਕ ਗਿਆ ਤੇ ਕੋਈ ਕਿਧਰੇ। ਪਰ ਆਪ ਇੱਕਠ ਉੱਤੇ ਬਹੁਤਾ ਅਸਰ ਨਾ ਪਿਆ।

ਪੁਲੀਸ ਆ ਗਈ, ਪੁਲੀਸ ਦੇ ਅੱਗੇ ਅੱਗੇ ਮਿਸਟਰ ਰਾਮ ਪ੍ਰਸਾਦ ਸਨ। ਉਨ੍ਹਾਂ ਦੇ ਪਿਛੇ ਹਿੰਦੁਸਤਾਨੀ ਜੁਆਨ ਸਿਪਾਹੀਆਂ ਦੀ ਇੱਕ ਪਲਟਨ ਸੀ। ਸਭ ਦੇ ਕੋਲ ਬੰਦੂਕਾਂ ਸਨ। ਆਪਣੇ ਬੰਗਲੇ ਵਿਚ ਭਾਰੀ ਇੱਕਠ ਦੇਖ ਕੇ ਮਿਸਟਰ ਰਾਮ ਪ੍ਰਸਾਦ ਦੀਆਂ ਭਵਾਂ ਤਣ ਗਈਆਂ ਸਨ। ਅੱਖਾਂ ਲਾਲ ਹੋ ਗਈਆਂ ਤੇ ਮਨ ਹੀ ਮਨ ਆ ਖਣ ਲੱਗਾ ਕਿ ਕੰਗਲੇ ਲੋਕਾਂ ਦਾ ਇਹ ਹੌਂਸਲਾ ਮੇਰੇ ਬੰਗਲੇ ਉੱਤੇ ਚੜ੍ਹਾਈ। ਮੇਰੇ ਪਿਛੇ ਫੌਜ ਅਤੇ ਅੰਗ੍ਰੇਜ਼ ਦੀ ਪਾਤਸ਼ਾਹੀ।

ਉਹ ਹੋਰ ਅੱਗੇ ਹੋਇਆ ਤਾਂ ਉਸ ਦੀਆਂ ਅੱਖਾਂ ਨੇ ਦੇਖਿਆ ਕਿ ਉਹਦਾ ਬੱਚਾ ਕਿਸੇ ਓਪਰੀ ਮੁਟਿਆਰ ਨੇ ਚੁਕਿਆ ਹੈ। ਉਸ ਨੇ ਜਾਤਾ ਸ਼ਾਇਦ ਮਾਰਨ ਲੱਗੀ ਹੈ। ਤਾਂ ਗੁੱਸੇ ਨਾਲ ਹੋਰ ਲਾਲ-ਪੀਲਾ ਹੋਕੇ ਉਸ ਨੇ ਪੁਲੀਸ ਨੂੰ ਤਿਆਰ ਹੋਣ ਵਾਸਤੇ ਹੁਕਮ ਕੀਤਾ।

ਫੈਅਰ ਨਾ ਕਰਨਾ !" ਰਾਮ ਪ੍ਰਸਾਦ ਦੀ ਭੈਣ ਨੇ ਅਵਾਜ਼ ਦਿਤੀ। ਪਰ ਉਸ ਅਵਾਜ਼ ਦੀ ਕੋਈ ਪਰਵਾਹ ਨਾ ਕੀਤੀ ਤੇ ਗੁੱਸੇ ਨਾਲ ਬੋਲਿਆ, "ਪਰਾਂ ਹੱਟ ਜਾਓ ! ਬੱਚਿਆਂ ਨੂੰ ਪਿਛੇ ਕਰ ਲਵੋ !" ਪਰ ਉਹ ਮੁਟਿਆਰ ਉੱਥੇ ਹੀ

ਖਲੋਤੀ ਰਹੀ।

"ਫੈਅਰ" ਦਾ ਹੁਕਮ ਦਿੱਤਾ ਗਿਆ। ਗੋਲੀਆਂ ਚਲੀਆਂ ਇਕੋ ਵਾਰ ਕਈ ਆਦਮੀ ਲੋਥਾਂ ਦੇ ਰੂਪ ਵਿਚ ਧਰਤੀ ਤੇ ਡਿਗ ਪਏ। ਦੂਸਰਾ ਹੁਕਮ ਹੋਇਆ ਦਸ ਹੋਰ ਮਰ ਗਏ। ਤੀਸਰੇ ਹੁਕਮ ਵੇਲੇ ਰਾਮ ਪ੍ਰਸਾਦ ਦੀ ਭੈਣ ਨਸ ਕੇ ਅਗੇ ਹੋਈ ਤੇ ਉਸ ਨੇ ਬੜੇ ਰੋਹਬ ਨਾਲ ਆਖਿਆ, ਨਿਹੱਥੇ ਲੋਕਾਂ ਉਤੇ ਗੋਲੀ ਚਲਾਉਣ ਦਾ ਹੁਕਮ ਦੇਂਦਿਆਂ ਹੋਇਆਂ ਸ਼ਰਮ ਨਹੀਂ ਆਉਂਦੀ? ਇਨ੍ਹਾ ਤੇਰਾ ਕੀ ਵਿਗਾੜਿਆ? ਸ਼ਰਮ ਕਰ!"

ਪਰ ਜੇ ਮੈਂ ਨਾ ਆਉਂਦਾ ਤਾਂ ਤੇਰਾ ਕੀ ਹਾਲ ਹੁੰਦਾ? ਅਗੋਂ ਰਾਮ ਪ੍ਰਸਾਦ ਨੇ ਪੁਛਿਆ।

"ਮੇਰਾ ਹਾਲ ਚੰਗਾ ਰਹਿੰਦਾ, ਪਰ ਹੁਣ ਜ਼ਬਾਨੋ "ਫੈਅਰ" ਸ਼ਬਦ ਨਾ ਕਢਣਾ। ਪਹਿਲੇ ਪਾਪ ਨੂੰ ਸੰਕੋਚਣ ਦਾ ਯਤਨ ਕਰ!"

ਗੋਲੀ ਚਲਣੋ ਬੰਦ ਹੋ ਗਈ। ਲੋਕ ਖਿਸਕ ਗਏ। ਜਾਲੂਸ ਨਾ ਰਿਹਾ, ਪਰ ਜੀਵਨ ਮੂਰਤੀ ਤੇ ਕੁਸ਼ਲਿਆ ਆਪਣੇ ਵੀਰਾਂ ਦੀਆਂ ਲੋਥਾਂ ਕੋਲੋਂ ਨਾ ਹਿਲੇ,ਜੀਵਨ ਮੂਰਤੀ ਦੇ ਹੱਥ ਵਿਚ ਝੰਡਾ ਉਸੇ ਤਰ੍ਹਾਂ ਸੀ। ਦੋਵੇਂ ਰਾਮ ਪ੍ਰਸ਼ਾਦ ਵਲ ਦੇਖਦੇ ਰਹੇ। ਐਸੀ ਦੇਖਣੀ ਕਿ ਜੋ ਮਹਾਂ ਭਿਆਨਕ ਸੀ। ਰਾਮ ਪ੍ਰਸਾਦ ਅੱਗੇ ਵਧਿਆ ਤੇ ਉਸ ਨੇ ਹੁਕਮ ਕੀਤਾ, "ਇਨ੍ਹਾਂ ਨੂੰ ਪਕੜ ਲਵੋ! ਹੱਥਕੜੀਆਂ ਲਾ ਕੇ ਹਵਾ ਲਾਟੇ ਸੁਟੋ! ਸਭ ਇਨ੍ਹਾਂ ਦੀ ਸ਼ਰਾਰਤ ਹੈ।"

ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਸ਼ਪਾਹੀਆਂ ਨੇ ਜੀਵਨ ਮੂਰਤੀ ਤੇ ਕੁਸ਼ਲਿਆ ਨੂੰ ਹੱਥਕੜੀ ਮਾਰ ਲਈ।

ਦੋਹਾਂ ਦੀ ਗ੍ਰਿਫਤਾਰੀ ਅਤੇ ਗੋਲੀ ਚਲਣ ਦੀ ਖ਼ਬਰ ਹੁਸ਼ਿਆਰ ਪੁਰ ਵਿੱਚ ਫੈਲ ਗਈ। ਉਸੇ ਵੇਲੇ ਸ਼ਹਿਰ ਵਿਚ ਹੜਤਾਲ ਹੋ ਗਈ। ਵਡੇ ਵਡੇ ਲੀਡਰ ਤੇ ਸ਼ਹਿਰੀ ਸਾਹਿਬ ਦੇ ਬੰਗਲੇ ਵਲ ਨਸੇ। ਜਿਨ੍ਹਾਂ ਦੇ ਮਰ ਗਏ ਸਨ, ਉਹ ਧਾਹੀਂ ਮਾਰਦੇ ਆਏ। ਹਾਲਾਤ ਬਹੁਤੇ ਵਿਗੜੇ ਦੇਖ ਕੇ ਡਿਪਟੀ ਕਮਿਸ਼ਨਰ ਸਾਹਿਬ ਨੇ ਚਵੀ ਘੰਟੇ ਦਾ ਕਰਫੀਉ ਲਾ ਦਿੱਤਾ ਤੇ ਆਪ ਰਾਮ ਪ੍ਰਸਾਦ ਦੇ ਬੰਗਲੇ ਆ ਬੈਠਾ। ਲੋਥਾਂ ਤੇ ਜ਼ਖਮੀ ਹਸਪਤਾਲ ਵਲ ਭੇਜੇ ਗਏ।

"ਬਹੁਤ ਹੱਛਾ ਕੀਆ ਆਪ ਨੇ। ਤੁਮ ਬਹੁਤ ਬਹਾਦਰ ਹੋ।" ਅੰਗ੍ਰੇਜ਼ ਡੀ. ਸੀ. ਨੇ ਰਾਮ ਪ੍ਰਸਾਦ ਨੂੰ ਸ਼ਾਬਾਸ ਦਿਤੀ। ਕਿਉਂਕਿ ਉਸ ਨੇ ਆਪਣੇ ਵੀਰਾਂ ਨੂੰ ਮਾਰਿਆ ਸੀ।

"ਤੁਮ ਕੋ ਇਨਾਮ ਦਿੱਤਾ ਜਾਏਗਾ!"

ਰਾਮ ਪ੍ਰਸਾਦ ਤਿੜ ਗਿਆ ਤੇ ਬੋਲਿਆ, "ਰਾਜ ਦੇ ਵਿਰੁਧ ਸਭ ਜੋ ਵੀ ਹੋਵੇ ਉਸੇ ਮਾਰ ਦਿਤਾ ਜਾਏਗਾ। ਬਾਗੀਆਂ ਨੂੰ ਮਾਰਨਾ ਹੀ ਚਾਹੀਦਾ ਹੈ।

ਏਨੇ ਨੂੰ ਨੌਕਰ ਨੇ ਇਕ ਬੰਦ ਲਫਾਫਾ ਲਿਆ ਮਿਸਟਰ ਰਾਮ ਪ੍ਰਸਾਦ ਦੇ ਹੱਥ ਦਿੱਤਾ। ਉਸ ਦੇ ਉਪਰ ਲਿਖਿਆ ਸੀ "ਜ਼ਰੂਰੀ"।

ਰਾਮ ਪ੍ਰਸਾਦ ਨੇ ਲਫਾਫਾ ਖੋਹਲਿਆ ਤੇ ਅੰਦ੍ਰਲੀ ਚਿਠੀ ਨੂੰ ਪੜ੍ਹਕੇ ਗੁੱਸੇ ਨਾਲ ਬੋਲਿਆ, "ਇਸ ਨੂੰ ਕੌਣ ਦੇ

ਗਿਆ ਏ ?"

"ਜੀ ਤਹਿਸੀਲਦਾਰ ਸਾਹਿਬ ਦਾ ਚਪੜਾਸੀ" ਨੌਕਰ ਨੇ ਰਤਾ ਸਹਿਮ ਕੇ ਉੱਤਰ ਦਿੱਤਾ।

"ਕਿਆ ਹੈ ?" ਅੰਗ੍ਰੇਜ਼ ਡਿਪਟੀ ਕਮਿਸ਼ਨਰ ਨੇ ਪੁਛਿਆ।

ਰਾਮ ਪ੍ਰਸ਼ਾਦ ਨੇ ਉੱਤ੍ਰ ਦਿਤੇ ਬਗੈਰ ਹੀ ਚਿੱਠੀ ਸਾਭ ਦੇ ਹੱਥ ਦੇ ਦਿੱਤੀ।

"ਹੈਂ ! ਤੁਮ ਕੋ ਮਾਰ ਦੇਂਗੇ! ਯੇਹ ਨਹੀਂ ਹੋ ਸਕਤਾ"। ਚਿਠੀ ਪੜ੍ਹਕੇ ਡਿਪਟੀ ਕਮਿਸ਼ਨਰ ਨੇ ਉੱਤਰ ਦਿਤਾ।

ਚਿਠੀ ਸੀ,

"ਸ੍ਰੀ ਰਾਮ ਪ੍ਰਸ਼ਾਦ ਜੀ !

੩੦ ਅਗਸਤ..................ਤਕ ਆਪ ਨੂੰ ਮਾਰ ਦਿਤਾ ਜਾਵੇਗਾ। ਮਰਨ ਵਾਸਤੇ ਤਿਆਰ ਰਹੋ ! ਤੇਰੇ ਜ਼ੁਲਮ ਹੱਦ ਟੱਪ ਗਏ ਨੇ।

"ਪਹਾੜੀ ਸ਼ੇਰ"

## ੨.

ਰਾਤ ਦੇ ਯਾਰਾਂ ਵਜ ਚੁਕੇ ਸਨ। ਮਿਸਟਰ ਰਾਮ ਪ੍ਰਸਾਦ ਤੇ ਉਸ ਦੀ ਭੈਣ ਵੀਨਾ ਅਤੇ ਉਸਦੀ ਪਤਨੀ ਨਿਰਮਲਾ ਗੋਲ ਕਮਰੇ ਵਿਚ ਬੈਠੇ ਸਨ, ਪਰ ਉਨ੍ਹਾਂ ਦੇ ਚੇਹਰਿਆਂ ਦੇ ਰੰਗ ਉਡੇ ਹੋਏ ਸੀ।

"ਆਖ਼ਰ ਪਹਾੜੀ ਸ਼ੇਰ ਹੈ ਕੌਣ?" ਵੀਨਾ ਨੇ ਪੁਛਿਆ।

"ਪਤਾ ਨਹੀਂ ਕੌਣ ਬਦਮਾਸ਼ ਏ! ਇਸਨੇ ਬਹੁਤ ਤੰਗ ਕੀਤਾ ਏ। ਜਿਸ ਅਫਸਰ ਨੂੰ ਇਹ ਰਾਤ ਨੂੰ ਚਿੱਠੀ ਲਿਖੇ ਉਹੋ ਅਫਸਰ ਅਗਲੇ ਦਿਨ ਕਿਤੇ ਨਾ ਕਿਤੇ ਮਰਿਆ ਪਿਆ ਮਿਲਦਾ ਹੈ।" ਰਾਮ ਪ੍ਰਸਾਦ ਨੇ ਉੱਤਰ ਦਿੱਤਾ, ਪਰ ਰਤਾ ਦਲੇਰੀ ਦਿਖਾਉਂਦਿਆਂ ਹੋਇਆਂ।

"ਚਿਟ-ਕਪੜੀ ਪੁਲੀਸ (ਸੀ.ਆਈ.ਡੀ.) ਪਤਾ ਨਹੀਂ ਕਰ ਸਕਦੀ?"

"ਉਹ ਵੀ ਥੱਕ ਚੁੱਕੀ ਏ।"

"ਹੋਰ ਵੀ ਕਿਸੇ ਨੂੰ ਚਿੱਠੀ ਆਈ ਏ?"

"ਹਾਂ!"

"ਕਿਸ ਨੂੰ!"

"ਡਿਪਟੀ ਕਮਿਸ਼ਨਰ ਨਿਕਲਸਨ ਸਾਹਿਬ ਨੂੰ!,,

'ਕੀ!'

"ਕਿ ਪਰਸੋਂ ਨੂੰ ਮੈਗਜ਼ੀਨ ਲੁਟਿਆ ਜਾਏਗਾ।"

"ਜਦੋਂ ਮੈਗਜ਼ੀਨ ਲੁਟਣ ਆਉਣ ਤਦੋਂ ਫੜ ਲਵੋ।" ਨਿਰਮਲਾ ਵਿਚੋਂ ਹੀ ਗਲ ਟੁਕ ਕੇ ਬੋਲੀ।

"ਭਰਜਾਈ ਜੀ ਅਸੰਭਵ ਇਹ ਨਹੀਂ ਫੜ ਸਕਦੇ!" ਵੀਨਾ ਨੇ ਆਖਿਆ।

"ਕਿਉਂ ਅਸੰਭਵ! ਉਸ ਨੂੰ ਜ਼ਰੂਰ ਫੜਾਂਗੇ! ਉਸ ਦੀ ਬੋਟੀ ਬੋਟੀ ਕਰਕੇ ਕੁਤਿਆਂ ਅਗੇ ਪਾਇਆ ਜਾਏਗਾ। ਬਾਗ਼ੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਉਸ ਦੇ ਰਾਜ ਵਿਚ ਖ਼ੂਨੀ ਬਗ਼ਾਵਤ ਕਰਨ ਦੀ ਹਿੰਮਤ ਕਰ ਰਿਹਾ ਹੈ। ਜਿਸ ਦੇ ਰਾਜ ਵਿੱਚ ਸੂਰਜ ਨਹੀਂ ਡੁਬਦਾ।" ਇਹ ਆਖਦਿਆਂ ਹੋਇਆਂ ਰਾਮ ਪ੍ਰਸਾਦ ਦਾ ਰੰਗ ਲਾਲ ਹੋ ਗਿਆ।

"ਇਹ ਠੀਕ ਹੈ, ਸੂਰਜ ਨਹੀਂ ਡੁਬਦਾ, ਪਰ ਧੱਕੇ ਤੇ ਜ਼ੁਲਮਾਂ ਨੇ ਇਸ ਰਾਜ ਦੀ ਚਾਦਰ ਨੂੰ ਸੰਕੋਚਣਾ ਸ਼ੁਰੂ ਕਰ ਦਿਤਾ ਏ, ਕਿਸੇ ਦਿਨ ਇਹ ਇਕੱਠੀ ਹੋ ਕੇ ਸਿਰਫ ਇੰਗਲਸਤਾਨ ਹੀ ਜੋਗੀ ਰਹਿ ਜਾਏਗੀ!"

"ਕਦੀ ਨਹੀਂ!"

"ਮੈਂ ਆਪ ਨੂੰ ਇੱਕ ਸਲਾਹ ਦੇਂਦੀ ਆਂ।"

"ਕੀ?"

"ਨੌਕਰੀ ਛੱਡ ਦੇਵੋ।"

"ਨਹੀਂ ਤਾਂ ਮਾਰੇ ਜਾਉਗੇ।"

"ਮੈਨੂੰ ਮਾਰਨ ਵਾਲਾ ਕੋਈ ਜੰਮਿਆ ਹੀ ਨਹੀਂ।

"ਇਸ ਗਲ ਨੂੰ ਜਾਣ ਦਿਓ।"

"ਕਿਉਂ ?"

"ਮੈਂ ਜੋ ਕੁਛ ਜੀਵਨ ਮੂਰਤੀ ਗਭਰੂ ਦੀਆਂ ਅੱਖਾਂ ਰਾਹੀਂ ਸਮਝੀ ਆਂ ! ਉਹ ਬਹੁਤ ਭਿਆਨਕ ਹੈ।"

'ਰਾਮ ਪ੍ਰਸਾਦ ਹੱਸਕੇ, "ਉਹ ਤਾਂ ਜੇਹਲ ਵਿੱਚ ਪਿਆ ਈ। ਨਾਲ ਉਹ ਪਾਗਲ ਕੁੜੀ...........ਇਨ੍ਹਾਂ ਦੀਆਂ ਹੋਂਡੀਆਂ ਵੀ ਬਾਹਰ ਨਹੀਂ ਆ ਸਕਦੀਆਂ।"

'ਹਿੰਦੁਸਤਾਨੀ ਬਹੁਤੇ ਸਰਕਾਰੀ ਨੌਕਰ ਅੰਦਰੋਂ ਅੰਗ੍ਰੇਜ਼ ਦੇ ਵਿਰੁਧ ਹਨ। ਉਹ ਜ਼ਰੂਰ ਬਚ ਜਾਣਗੇ, ਏਹੋ ਕਾਰਨ ਹੈ ਕਿ ਪਹਾੜੀ ਸ਼ੇਰ ਫੜਿਆ ਨਹੀਂ ਜਾਂਦਾ। ਕਿਉਂਕਿ ਜਨਤਾ ਉਸ ਦੀ ਮਦਦ ਕਰਦੀ ਹੈ।'

ਕੁਝ ਭੀ ਹੋਵੇ ਮੈਂ ਨੌਕਰੀ ਨਹੀਂ ਛਡਣੀ। ਮੈਂ ਆਈ. ਜੀ. ਹੋਣ ਵਾਲਾ ਹਾਂ। ਡਿਪਟੀ ਕਮਿਸ਼ਨਰ ਸਾਹਿਬ ਨੇ ਮੇਰੀ ਬਹਾਦਰੀ ਦੀ ਬੜੀ ਵਡਿਆਈ ਲਿਖੀ ਹੈ।.........ਜਿਹੜਾ ਮੈਨੂੰ ਮਾਰਨ ਆਏਗਾ ਉਹ ਮਾਂ ਨੂੰ ਨਹੀਂ ਜੰਮਿਆਂ। ਚਿੰਤਾ ਨਾ ਕਰ, ਵੀਨਾ !

"ਮੈਂ ਜੋ ਕੁਝ ਬੰਗਾਲ ਵਿਚ ਤਕਿਆ ਏ ! ਜੋ ਕੁਝ ਕਾਲਜਾਂ ਦੇ ਵਿਦਿਆਰਥੀਆਂ ਤੋਂ ਸੁਣਿਆ ਏ। ਉਹ ਬਹੁਤ ਭਿਆਨਕ ਹੈ। ਇਕ ਖ਼ੂਨੀ ਬਗ਼ਾਵਤ ਦੀ ਤਿਆਰੀ ਹੈ। ਮਾਰ ਦੇਣਗੇ ਸਾਰੇ ਅੰਗ੍ਰੇਜ਼ਾਂ ਤੇ ਉਨ੍ਹਾਂ ਦੇ ਪਿਠੂਆਂ ਨੂੰ। ਜਿਨ੍ਹਾਂ ਨਿਰਦੋਸ਼ੀਆਂ ਤੇ ਨਿਹੱਥਿਆਂ ਨੂੰ ਅਜ ਤੁਸਾਂ ਦਾਣਿਆਂ ਵਾਂਗ ਭੁੰਨਿਆ ਏ, ਉਨ੍ਹਾਂ ਦੇ ਸਬੰਧੀ ਤੇ ਮਦਦੀ ਕਦੀ ਭਲਾ ਨਹੀਂ ਕਰਨ ਲੱਗੇ।"

"ਜਾਹ ਸੌਂ ! ਕਮਜ਼ੋਰੀ ਦੀਆਂ ਐਸੀਆਂ ਗੱਲਾਂ ਨਹੀਂ ਕਰੀ ਦੀਆਂ। ਤੂੰ ਇੱਕ ਪੁਲੀਸ ਸੁਪਰੀਟੈਂਡੰਟ ਸਾਹਿਬ ਦੀ ਭੈਣ ਏ। (ਨਿਰਮਲਾ ਵਲ ਵੇਖਕੇ) ਚਲੋ ਲੰਮੇ ਪਈਏ। ਸਵੇਰੇ ਕੀ ਪਤਾ ਕਿਧਰ ਜਾਣਾ ਏਂ !"

ਨਿਰਮਲਾ ਤੇ ਰਾਮ ਪ੍ਰਸਾਦ ਗੋਲ ਕਮਰੇ ਵਿਚੋਂ ਉੱਠ ਕੇ ਆਪਣੇ ਸੌਣ ਵਾਲੇ ਕਮਰੇ ਵਲ ਚਲੇ ਗਏ। ਪਰ ਵੀਨਾ ਉਥੇ ਹੀ ਬੈਠੀ ਰਹੀ। ਉਹ ਕੁਝ ਸੋਚਦੀ ਰਹੀ। ਬਹੁਤ ਚਿਰ ਸੋਚਣ ਤੇ ਵੀ ਕਿਸੇ ਫੈਸਲੇ ਉਤੇ ਨਾ ਪੁਜ ਸਕੀ। ਨਿਰਾਸਤਾ ਭਰੇ ਦਿਲ ਨਾਲ ਉਠਕੇ ਹੌਲੀ ਹੌਲੀ ਆਪਣੇ ਕਮਰੇ ਵਲ ਚਲੀ ਗਈ।

# ੩.

ਜ਼ਿਲ੍ਹਾ ਹੁਸ਼ਿਆਰ ਪੁਰ ਦੇ ਪਹਾੜੀ ਇਲਾਕੇ ਵਿਚ ਇੱਕ ਛੋਟਾ ਜਿਹਾ ਕਸਬਾ ਅੰਬ ਸ਼ਹਿਰ ਹੈ। ਉਥੋਂ ਇਕ ਸੜਕ ਡੇਹਰਾ ਬਾਬਾ ਵਡਭਾਗ ਸਿੰਘ ਨੂੰ ਜਾਂਦੀ ਹੈ । ਉਸ ਸੜਕ ਦੇ ਸਜੇ ਹਥ ਕੋਈ ਮੀਲ ਕੁ ਦੀ ਵਿੱਥ ਤੇ ਇਕ ਵਡੀ ਪਹਾੜੀ ਦੇ ਪੈਰ ਹਨ। ਉਸ ਦੇ ਪੈਰਾਂ ਹੇਠ ਇਕ ਨਿਰਮਲ ਜਲ ਦੀ ਅਮਰ ਧਾਰਾ ਵਗਦੀ ਰਹਿੰਦੀ ਹੈ। ਉਸ ਧਾਰਾ ਦੇ ਕਿਨਾਰੇ ਇਕ ਭੈਰੋਂ ਮੰਦਰ ਹੈ। ਉਹ ਮੰਦਰ ਕਦੋਂ ਬਣਿਆਂ ਤੇ ਕਿਸ ਨੇ ਬਣਾਇਆ, ਇਸ ਗਲ ਦਾ ਤਾਂ ਕਿਸੇ ਨੂੰ ਪਤਾ ਨਹੀਂ। ਪਰ ਉਸਦੀ ਪੂਜਾ ਬੜੀ ਹੁੰਦੀ ਹੈ।

ਦਸ ਕੁ ਸਾਲ ਹੋਏ ਨੇ। ਇੱਕ ਚਕਰਵਰਤੀ ਸਾਧੂ ਨੇ ਇਸ ਮੰਦਰ ਵਿਚ ਆਪਣਾ ਆਸਨ ਵਛਾਇਆ ਸੀ। ਜਦੋਂ ਦੀ ਅਸੀਂ ਗਲ ਕਰ ਰਹੇ ਹਾਂ ਤਦੋ ਉਹੋ ਹੀ ਉਸਦਾ ਪੁਜਾਰੀ ਸ੍ਰੀ। ਉਸ ਵੇਲੇ ਉਸ ਦੀ ਉਮਰ ਪੰਜਾਹ ਕੁ ਸਾਲ ਨੇੜੇ ਤੇੜੇ ਸੀ, ਪਰ ਸਿਰ ਅਤੇ ਦਾਹੜੀ ਦੇ ਵਾਲ ਸਾਰੇ ਦੁਧ ਚਿੱਟੇ ਸਨ। ਚੇਹਰੇ ਉਤੇ ਨੂਰ ਡਲ੍ਹਕਾਂ ਮਾਰਦਾ ਸੀਤੇ, ਅਖਾਂ ਦੀ ਮੁਟਿਆਈ ਤੇ ਰੋਸ਼ਨੀ ਜੁਆਨਾਂ ਵਰਗੀ ਸੀ। ਮੰਦਰ ਦੇ ਵੀਹ ਵੀਹ ਮੀਲ ਤਕ ਉਸਦੀ ਕੀਰਤੀ ਫੈਲੀ ਹੋਈ ਸੀ। ਗਰੀਬ ਜਨਤਾ ਉਸ

ਨੂੰ ਗੁਰੂ ਸਮਝਦੀ ਸੀ। ਸਵੇਰੇ ਤੇ ਸ਼ਾਮ ਨੂੰ ਭੰਡਾਰੇ ਆ ਜਾਂਦੇ ਨਗਦੀ, ਲੀੜੇ ਤੇ ਅੰਨ ਦਾ ਉਸ ਨੂੰ ਘਾਟਾ ਨਹੀਂ ਸੀ। ਵਡੀ ਗਲ ਇਹ ਸੀ ਕਿ ਉਹ ਕਿਸੇ ਨੇੜੇ ਦੀ ਵਸੋਂ ਵਾਲੇ ਜਾਂ ਰਾਹੀ ਨੂੰ ਰਾਤ ਨਹੀਂ ਸੀ ਆਪਣੇ ਕੋਲ ਰਹਿਣ ਦੇਂਦਾ। ਸੂਰਜ ਡੁਬਣ ਤੋਂ ਸੂਰਜ ਚੜ੍ਹਨ ਤਕ ਉਸ ਮੰਦਰ ਦੇ ਕੋਲ ਕੋਈ ਨਹੀਂ ਸੀ ਜਾ ਸਕਦਾ।

ਉਸ ਸੰਤ ਦਾ ਨਾਂ ਭਾਵੇਂ ਜੀਵਨ ਸਿੰਘ ਸੀ, ਪਰ ਇਸ ਥਾਂ ਨੂੰ ਕੋਈ ਨਹੀਂ ਸੀ ਜਾਣਦਾ ਤੇ ਸਾਰੇ "ਬ਼ਾਬਾ ਜੀ" ਆਖ ਕੇ ਬਲਾਉਂਦੇ ਸਨ। ਜੇ ਕੋਈ ਕਦੀ ਕਦਾਈਂ ਨਾਂ ਪੁਛ ਵੀ ਲਵੇ ਤਾਂ ਉਹ ਕਦੀ ਨਹੀਂ ਸੀ ਦਸਦੇ, ਗੱਲਾਂ ਬਾਤਾਂ ਵਿਚ ਟਾਲ ਦੇਂਦੇ ਸਨ। ਉਹ ਕਿਥੇ ਜੰਮੇਂ? ਉਹਨਾਂ ਦੇ ਮਾਤਾ ਪਿਤਾ ਅਤੇ ਕੋਈ ਭੈਣ ਭਾਈ—ਇਹ ਭੇਦ ਵੀ ਗੁਪਤ ਸੀ। ਬਸ ਉਹ ਗਰੀਬਾਂ ਤੇ ਦਖੀਆਂ ਦੇ ਮਿਤਰ, ਦੇਸ਼ ਦੇ ਸੇਵਕ ਅਤੇ ਭੈਰੋਂ ਜਤੀ ਦੇ ਪੁਜਾਰੀ ਸਨ।

ਭੈਰੋਂ ਦਾ ਉਪਰੋਕਤ ਮੰਦਰ ਵਸੋਂ ਕੋਲੋਂ ਦੂਰ ਤੇ ਨਵੇਕਲਾ ਸੀ। ਪਿਛੇ ਪਹਾੜ, ਅਗੇ ਨਦੀ ਤੇ ਉਪਰ ਅਸਮਾਨ ਸੀ। ਉਸ ਦੇ ਚੌਗਿਰਦੇ ਇਕਲਤਾ ਤੇ ਸਾਂਤੀ ਸੀ। ਹਰੇ ਹਰੇ ਚੀਲ ਦੇ ਰੁਖ ਬਹੁਤੀ ਹਵਾ ਵਗਣ ਤੇ ਸਾਂ ਸਾਂ ਕਰਕੇ ਨਿਰਾਲਾ ਹੀ ਤਾਨ ਉਤਪਨ ਕਰਦੇ ਸਨ॥

ਸਾਵਨ ਦੀ ਪੁੰਨਿਆਂ ਦੀ ਰਾਤ ਸੀ ਚਾਰ ਘੰਟੇ ਪਹਿਲਾਂ ਮੋਹਲੇ ਧਾਰ ਬਾਰਸ਼ ਹੋ ਚੁਕੀ ਸੀ, ਪਰ ਉਸ ਵੇਲੇ ਰਾਤ ਨਿਤਰੀ ਹੋਈ ਸੀ ਤੇ ਚੰਦਰਮਾ ਦੀਆਂ ਕਿਰਨਾ ਨੇ ਸਾਰੇ

ਚਾਨਣ ਕੀਤਾ ਹੋਇਆ ਸੀ। ਮਠੀ ਮਠੀ ਹਵਾ ਚਲਣ ਨਾਲ ਠੰਢ ਚੰਗੀ ਹੋਣ ਤੇ ਵੀ ਮੰਦਰ ਦੇ ਅਗਲੇ ਥੜੇ ਉਤੇ ਬਾਬਾ ਜੀ ਆਸਨ ਜਮਾਈ ਬੈਠੇ ਸਨ। ਇਕੱਲੇ ਨਹੀਂ ਸਗੋਂ ਉਨ੍ਹਾਂ ਦੇ ਕੋਲ ਚਾਰ ਮਰਦ ਤੇ ਇਕ ਮੁਟਿਆਰ ਇਸਤ੍ਰੀ ਸੀ। ਜਿਵੇਂ ਸਿਆਣਾ ਜੋਗੀ ਆਪਣੇ ਚੇਲਿਆਂ ਨੂੰ ਕੁਝ ਨਾ ਕੁਝ ਸਮਝਾਉਂਦਾ ਹੈ। ਤਿਵੇਂ ਪੰਜਾਂ ਦੇ ਵਿਚਾਲੇ ਬੈਠੇ ਬਾਬਾ ਜੀ ਉਪਦੇਸ਼ ਦੇ ਰਹੇ ਸਨ।

"ਬਹਾਦਰੋ! ਇਹ ਜੀਵਨ ਤੇ ਮੌਤ ਦੀ ਲੜਾਈ ਹੈ।" ਬਾਬਾ ਜੀ ਆਖ ਰਹੇ ਸੀ, "ਅੰਗ੍ਰੇਜ਼ ਦੀ ਕੁਟਲ ਨੀਤੀ ਸਾਰੇ ਸੰਸਾਰ ਉਤੇ ਮਸ਼ਹੂਰ ਹੈ। ਰਤਾ ਨਾ ਝਕੋ ਖੂਨ ਦਾ ਬਦਲਾ ਖੂਨ ਨਾਲ ਹੀ ਲਿਆ ਜਾਂਦਾ ਹੈ।

ਮਹਾਤਮਾਂ ਗਾਂਧੀ ਦੇ ਅਹਿੰਸਾ ਉਪਦੇਸ਼ ਨੂੰ ਕੰਨੀ ਨਾ ਸੁਣੋ! ਕਿੰਨਾ ਜ਼ੁਲਮ ਏ! ਕਿੰਨਾ ਅੰਨ੍ਹੇਰਾ ਹੈ। ਰਾਮ ਪ੍ਰਸਾਦ ਨੇ ਨਿਹੱਥੇ ਤੇ ਨਿਰਦੋਸ਼ ਹਿੰਦੁਸਤਾਨੀਆਂ ਨੂੰ ਧਾਣਾ ਵਾਂਗ ਭੁੰਨ ਸੁਟਿਆ। ਬਦਲਾ ਲਵੋ! ਹਥਿਆਰ ਇਕਠੇ ਕਰੋ। ਟੋਡੀਆਂ, ਅੰਗਰੇਜ਼ ਪਿੱਠੂਆਂ ਤੇ ਜ਼ਾਲਮ ਹਾਕਮਾਂ ਨੂੰ ਮਾਰਨ ਲਗੇ ਸੰਕੋਚ ਨਾ ਕਰੋ। ਤੁਸਾਂ ਫਰਾਂਸ ਤੇ ਰੂਸ ਦੇ ਇਨਕਲਾਬਾਂ ਦਾ ਇਤਿਹਾਸ ਚੰਗੀ ਤਰ੍ਹਾਂ ਸੁਣਿਆ ਏ। ਬਹਾਦਰ ਬਣੋ ਤੇ ਵਤਨ ਨੂੰ ਆਜ਼ਾਦ ਕਰੋ!"

"ਜਿਵੇਂ ਆਗਿਆ ਬਾਬਾ ਜੀ!" ਸਾਰੇ ਇਕ ਜ਼ਬਾਨ ਬੋਲੇ, "ਪਰ ਮੈਗਜ਼ੀਨ ਨੂੰ ਰਖਣ ਵਾਸਤੇ ਅਤੇ ਵਡੀ ਲੜਾਈ ਦੀ ਤਿਆਰੀ ਵਾਸਤੇ ਕੋਈ ਗੁਪਤ ਟਕਾਣਾ ਹੋਣਾ ਅਤੀ

ਜਰੂਰੀ ਹੈ।"

"ਇਸ ਗਲ ਦਾ ਬੰਦੋਬਸਤ ਹੋ ਗਿਆ ਹੈ। ਏਥੋਂ ਅਧ ਮੀਲ ਦੂਰ ਇਸੇ ਪਰਬਤ ਦੇ ਦੂਸਰੇ ਪਾਸੇ ਇੱਕ ਪੁਰਾਤਨ ਗੁਫਾ ਹੈ। ਬਹੁਤ ਵਡੀ ਗੁਫਾ ਜਿਸ ਵਿਚ ਚਾਰ ਸੌ ਆਦਮੀ ਬੈਠ ਜਾਏ ਤਾਂ ਦੁਸ਼ਮਨ ਦੇ ਬਾਪ ਨੂੰ ਵੀ ਪਤਾ ਨਹੀਂ ਲੱਗ ਸਕਦਾ। ਹਰ ਕੀਮਤੀ ਹੱਥਿਆਰ ਤੇ ਕੀਮਤੀ ਚੀਜ ਉਥੇ ਰਖਣੀ ਹੋਵੇਗੀ। ਖਬਰਾਂ ਲੈਣ ਤੇ ਦੇਣ ਵਾਲਾ ਆਲਾ ਵੀ ਉਥੇ ਹੀ ਰਖਣਾ ਹੋਵੇਗਾ। ਪੀ. ਭਗਵਾਨ ਨੂੰ ਮੇਰੇ ਕੋਲ ਭੇਜ ਦੇਵੋ। ਉਹ ਜੋ ਬਾਹਰੋਂ ਅਸਬਾਬ ਲਿਆਇਆ ਹੈ, ਉਹ ਨਾਲ ਲੈ ਆਵੇ।

"ਸਤ ਬਚਨ ਜੀ!"

"ਅਜ ਸਾਰੇ ਕੰਮ ਹੋ ਜਾਣ! ਜਾਓ! ਭਾਰਤਮਾਤਾ ਤੁਹਾਡੀ ਸਹੈਤਾ ਕਰੇ। ਭੈਰੋਂ ਜਤੀ ਅੰਗ ਸੰਗ ਰਹੇ।"

ਬਾਬਾ ਜੀ ਦੇ ਚੇਲੇ ਉਠ ਤਿਆਰ ਹੋਏ। ਉਨ੍ਹਾਂ ਦੇ ਲਿਬਾਸ ਤੇ ਭੇਸ ਸਾਧੂਆਂ ਵਰਗੇ ਸਨ। ਕਿਸੇ ਕੋਲ ਕਰਮੰਡਲ ਤੇ ਕਿਸੇ ਕੋਲ ਮਾਲਾ ਸੀ। ਕੋਈ ਨਵੀ ਤਿਲਕ ਲਾ ਕੇ ਹੱਥ ਵਿਚ ਤ੍ਰਸੂਲ ਲਈ ਖਲੋਤਾ ਸੀ, ਪਰ ਉਨ੍ਹਾਂ ਦੇ ਲੰਮੇ ਚੋਲਿਆ ਦੇ ਹੇਠਾਂ ਪਸਤੌਲ ਅਤੇ ਝੋਲਿਆਂ ਵਿਚ ਬੰਬ ਸਨ। ਉਹ ਵਤਨ ਦੇ ਸਚੇ ਸਿਪਾਹੀ ਆਜ਼ਾਦੀ ਦੀ ਲੜਾਈ ਲੜ ਰਹੇ ਸਨ। ਉਨ੍ਹਾਂ ਦੇ ਅਸਲ ਨਾਂ ਤਾਂ ਹੋਰ ਸਨ ਪਰ ਫਰਜੀ ਨਾਂ ਜਨ, ਗਨ, ਮਨ, ਤਨਵੀਰ ਸਨ। ਪੰਜਵੀ ਦੇਵੀ ਸੀ। ਉਸ ਦਾ ਨਾਮ ਚੰਡਕਾ ਜਾਂ "ਬਾਗ਼ੀ ਸੁੰਦਰੀ" ਸੀ, ਪਰ ਅਸਲ

ਵਿੱਚ ਉਹ ਵੀਨਾ ਸੀ। ਉਹ ਭਾਰਤ ਦੀਆਂ ਪੁਰਾਤਨ ਦੇਵੀਆਂ ਵਰਗੀ ਸੀ, ਜਿਸਦਾ ਮਨ ਦਲੇਰ, ਜਿਸਦਾ ਚਲਨ ਉੱਚਾ ਅਤੇ ਦਿਲ ਵਿਚ ਵਤਨ ਆਜ਼ਾਦ ਕਰਾਉਣ ਦੀ ਲਗਨ ਅਤੇ ਅੱਖਾਂ ਵਿੱਚ ਬਾਪ ਦੇ ਖ਼ੂਨ ਦਾ ਬਦਲਾ ਲੈਣ ਦੀ ਲਾਲੀ ਸੀ।

"ਬੇਟੀ ! ਤੂੰ ਅਜ ਨਾ ਜਾਹ ! ਕੰਮ ਕਠਣ ਹੈ। ਮੇਰੇ ਕੋਲ ਰਹੋ। ਮੈਂ ਤੇਰੇ ਨਾਲ ਬਹੁਤ ਜ਼ਰੂਰੀ ਗੱਲਾਂ ਕਰਨੀਆਂ ਹਨ !" ਬਾਬਾ ਜੀ ਨੇ ਬਾਗ਼ੀ ਸੁੰਦਰੀ ਨੂੰ ਆਖਿਆ।

"ਜਿਵੇਂ ਆਗਿਆ ਬਾਬਾ ਜੀ।"

ਏਨਾ ਆਖਕੇ ਉਹ ਉਥੇ ਹੀ ਬੈਠੀ ਰਹੀ ਤੇ ਬਾਕੀ ਦੋ ਚਾਰ ਸਜਨ ਚੰਦ ਦੀ ਰੋਸ਼ਨੀ ਵਿਚ ਆਪੋ ਆਪਣੇ ਮਿਥੇ ਤੇ ਚੁਣੇ ਕੰਮ ਵਲ ਤੁਰ ਪਏ।

ਜਦੋਂ ਚਾਰੇ ਦੂਰ ਨਿਕਲ ਗਏ ਅਤੇ ਉਨ੍ਹਾਂ ਦੇ ਪੈਰਾਂ ਦੀ ਵੌੜ ਵੀ ਗੁਮ ਹੋ ਗਈ ਤਾਂ ਬਾਬਾ ਜੀ ਬਾਗ਼ੀ ਸੁੰਦਰੀ ਨੂੰ ਆਖਣ ਲਗੇ, "ਪੁਤਰੀ ! ਤੇਰੇ ਜੀਵਨ ਦਾ ਆਦਰਸ਼ ਬਹੁਤ ਉੱਚਾ ਹੈ। ਆਪਣੇ ਵੀਰਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਵਤਨ ਨੂੰ ਆਜ਼ਾਦ ਕਰਾਉਣ ਵਾਸਤੇ ਘਰੋਂ ਨਿਕਲੀ ਏਂ। ਤੇਰੇ ਪਿਤਾ ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ ਹੈ। ਤੂੰ ਆਪਣੇ ਬਾਪ ਦੇ ਖ਼ੂਨ ਦਾ ਬਦਲਾ ਲੈਣਾ ਏਂ !"

"ਹਾਂ ਪਿਤਾ ਜੀ ! ਹੱਥ ਜੋੜਦੀ ਸੁੰਦਰੀ ਨੇ ਉੱਤਰ ਦਿੱਤਾ।

"ਪਰ ਇਹ ਵੀ ਤੈਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਤੂੰ ਇਸਤ੍ਰੀ ਹੈਂ। ਇਸਤ੍ਰੀ ਵੀ ਮੁਟਿਆਰ ਤੇ ਸੁੰਦਰ, ਜਿਸ

ਦੀ ਉਮਰ ਅਜੇ ਪੂਰੇ ਵੀਹ ਸਾਲ ਦੀ ਨਹੀਂ ।"

"ਹਾਂ ਜੀ !"

'ਜਿਵੇਂ ਪਾਣੀ ਭਿਜਾ ਜਾਲੇ ਵਾਲਾ ਪੱਥਰ ਤਿਲਕਣਾ ਹੁੰਦਾ ਹੈ, ਤਿਵੇਂ ਇਸ ਜੁਆਨ ਉਮਰ ਦਾ ਸਮਾਂ ਬੜਾ ਤਿਲਕਣਾ ਤੇ ਖਤਰਨਾਕ ਹੁੰਦਾ ਏ। ਇਸ ਸਮੇਂ ਨੂੰ ਗੁਜਾਰਨ ਵਾਸਤੇ ਅਤੇ ਵਤਨ ਦੀ ਸੇਵਾ ਬਦਲੇ ਤੈਨੂੰ ਸ੍ਵੈ-ਸੰਜਮ ਵਿਚ ਰਹਿਣਾ ਪਵੇਗਾ।'

'ਹਾਂ ਪਿਤਾ ਜੀ।'

'ਮਾਨੁੱਖ ਮਾਨੁੱਖ ਹੈ। ਇਸ ਵਿਚ ਕਈ ਕਮਜ਼ੋਰੀਆਂ ਸਦੀਵੀ ਹਨ। ਕਾਮ ਵਾਸ਼ਨਾ ਜੀਵਨ ਦੀ ਵੱਡੀ ਉਮੰਗ ਤੇ ਤੜਪ ਹੈ। ਪਿਆਰ ਦੇ ਨਾਂ ਉਤੇ ਕਮਜ਼ੋਰੀ ਦਾ ਦਿਖਾਵਾ ਹੁੰਦਾ ਏ। ਕਈ ਵਾਰ ਜੀਵਨ ਆਦਰਸ਼ ਹੀਣ ਅਤੇ ਬੇ-ਲੋੜਾ ਕਮਜ਼ੋਰ ਹੋ ਜਾਂਦਾ ਹੈ। ਬਸ ! ਸਮਝ ਲੈ ਕਿ ਤੂੰ ਆਪਣੇ ਵੀਰਾਂ ਨਾਲ ਇੱਕ ਚੰਗੇਰੀ ਭੈਣ ਰਹਿਣਾ ਹੈ। ਪਿਆਰ ਦੀ ਪਵਿੱਤ੍ਰ ਨਿੱਘ ਨਾਲ ਵੀਰਾਂ ਨੂੰ ਹੌਂਸਲਾਂ ਦੇਣਾ ਤੇ ਉਨ੍ਹਾਂ ਦੀ ਮਦਦ ਕਰਨੀ ਹੈ, ਪਰ ਲਿੰਗ-ਵਾਸ਼ਨਾ ਦੇ ਪਿਆਰ ਦਾ ਨਾਟਕ ਨਹੀਂ ਰਚਣਾ। ਜਦੋਂ ਵਤਨ ਆਜ਼ਾਦ ਹੋ ਜਾਏਗਾ। ਦੁਸ਼ਮਨ ਸਾਡੇ ਸਾਗਰ ਤੋਂ ਪਾਰ ਚਲਿਆ ਜਾਏਗਾ, ਮੁੜ ਜਿਵੇਂ ਜੀ ਕਰੇ ਕਰਨਾ। ਹਾਂ ! ਦੁਸ਼ਮਨ ਨੂੰ ਮਾਰਨ ਵਾਸਤੇ......ਕਦੀ ਦੁਸ਼ਮਨ ਨੂੰ ਧੋਖਾ ਦੇਣ ਵਾਸਤੇ ਕੋਈ ਪ੍ਰੀਤ-ਨਾਟਕ ਰਚਣਾ ਪਵੇ ਤਾਂ ਬੜੀ ਹੁਸ਼ਿਆਰੀ ਨਾਲ ਰਚਣਾ ਹੈ। ਆਪਣੇ ਆਪ ਨੂੰ ਕਲੰਕਤ ਨਹੀਂ ਹੋਣ ਦੇਣਾ।...ਏਹ ਹੈ ਪੁਤਰੀ ਇਕ ਨੇਕ ਬਾਪ ਦੀ ਸਿਖਿਆ।

ਤੁਚੇਰੇ ਤੇ ਚੰਗੇਰੇ ਜੀਵਨ ਦੇ ਰਾਹ ਵਾਸਤੇ ਰੋਸ਼ਨੀ।'

'ਇਹ ਨਿਮਾਣੀ ਪੁੱਤਰੀ! ਚੰਗੇ ਪਿਤਾ ਦੇ ਬਚਨਾਂ ਨੂੰ ਪਾਲਣ ਦਾ ਯਤਨ ਕਰੇਗੀ। ਇਕ ਇਸਤ੍ਰੀ ਨਹੀਂ ਸਗੋਂ ਮਰਦ ਬਣ ਕੇ ਆਜ਼ਾਦੀ ਦੇ ਘੋਲ ਵਿੱਚ ਦੁਸ਼ਮਨ ਨਾਲ ਦੋ ਹੱਥ ਕਰੇਗੀ।'

'ਸ਼ਾਬਾਸ਼ ਬੇਟੀ! ਭਗਵਾਨ ਤੇਰੀ ਸਹਾਇਤਾ ਕਰੇ।'

'ਹੋਰ ਕੋਈ ਆਗਿਆ!'

'ਬਸ! ਹੁਣ ਅੰਦਰ ਜਾਕੇ ਲੇਟ ਜਾ ਤੇ ਸੂਰਜ ਚੜ੍ਹਨ ਤੋਂ ਪਹਿਲਾਂ ਅੰਬ ਸ਼ਹਿਰ ਨੂੰ ਤੁਰ ਜਾਈਂ। ਜੀਵਨ ਮੂਰਤੀ ਦਾ ਪਤਾ ਕਰੀਂ ਕਿ ਉਹ ਜੇਹਲੋਂ ਆਜ਼ਾਦ ਹੋਇਆ ਕਿ ਨਹੀਂ।'

'ਚੰਗਾ ਜੀ!' ਆਖਕੇ ਤੇ ਬਾਬਾ ਜੀ ਦੇ ਚਰਨਾਂ ਉਤੇ ਮੱਥਾ ਟੇਕ ਕੇ ਬਾਗੀ ਸੁੰਦਰੀ ਮੰਦਰ ਅੰਦਰ ਜਾ ਲੇਟੀ ਤੇ ਬਾਬਾ ਜੀ ਕੰਬਲ ਤਾਣ ਕੇ ਬਾਹਰ ਹੀ ਪਏ, ਕੁਦਰਤ ਦੇ ਰੰਗ ਵੇਖਦੇ ਤੇ ਇਕ ਸਿਆਣੇ ਫੌਜੀ ਜਰਨੈਲ ਵਾਂਗ ਦੁਸ਼ਮਨ ਮਾਰਨ ਦੀਆਂ ਵਿਉਂਤਾਂ ਸੋਚਦੇ ਰਹੇ।

## ੪.

ਹੁਸ਼ਿਆਰਪੁਰ ਜੇਹਲ ਦੇ ਪਹਿਲਾਂ ਤਾਂ ਅੰਦਰ ਵਾਰ ਪਹਿਰਾ ਹੁੰਦਾ ਸੀ, ਪਰ ਥੋਹੜੇ ਸਮੇਂ ਤੋਂ ਦੇਸ਼ ਵਿੱਚ ਬਾਗ਼ੀ ਦਲ ਅਤੇ ਬਬਰ-ਅਕਾਲੀਆਂ ਦੀਆਂ ਬਗਾਵਤੀ ਹਰਕਤਾਂ ਦੇ ਕਾਰਨ ਬੜੀ ਤਕੜਾਈ ਰਖੀ ਜਾਂਦੀ ਹੈ। ਦੋ ਚਾਰ ਬਾਗ਼ੀ, ਕਾਂਗ੍ਰਸੀਏ ਤੇ ਬਬਰ ਅਕਾਲੀ ਇਸ ਜੇਹਲ ਵਿਚ ਜ਼ਰੂਰ ਰਹਿੰਦੇ ਹਨ। ਜੀਵਨ ਮੂਰਤੀ ਦੇ ਫੜੇ ਜਾਣ ਉਤੇ ਤਾਂ ਬਹੁਤ ਕਰੜਾ ਪਹਿਰਾ ਕਰ ਦਿੱਤਾ। ਜੇਹਲ ਵਾਲਿਆਂ ਨੂੰ ਪੂਰਾ ਭਰੋਸਾ ਸੀ ਕਿ ਕੋਈ ਕੈਦੀ ਕਿਸੇ ਤਰ੍ਹਾਂ ਵੀ ਭਜ ਨਹੀਂ ਸਕਦਾ।

ਉਸ ਦਿਨ ਬੜੀ ਕਾਲੀ ਬੋਲੀ ਰਾਤ ਸੀ। ਚਾਰੇ ਪਾਸੇ ਚੁੱਪ ਸੀ, ਪਰ ਜੇਹਲ ਦੇ ਉਪਰਲੇ ਵਾਰਡਰ ਅਤੇ ਨੰਬਰਦਾਰ ਹਾਕਰਾਂ ਦੇਂਦੇ ਸਨ। ਇਕ ਅਵਾਜ਼ ਦੇਂਦਾ ਸੀ ਤੇ ਦੂਸਰਾ 'ਸਭ ਹੱਛਾ' ਆਖਕੇ ਅਗੋਂ ਉੱਤਰ ਦੇਂਦਾ ਸੀ। ਉਹ ਹਨੇਰੇ ਵਿਚ ਪ੍ਰਛਾਵੇਂ ਦੀ ਤਰ੍ਹਾਂ ਇਕ ਮੂਰਤੀ ਜੇਹਲ ਦੇ ਕੋਟ ਦੇ ਬਾਹਰਲੇ ਪਾਸੇ ਪਛਮ ਵਲ ਆਈ। ਹਨੇਰੇ ਵਿਚ ਉਸ ਨੂੰ ਕੋਈ ਨਹੀਂ ਸੀ ਪਹਿਚਾਣ ਸਕਦਾ। ਪਹਿਰੇ ਦਾਰਾਂ ਦੀ ਨਿਗਾਹ ਤੋਂ ਬਚਦੀ ਹੋਈ, ਉਹ ਕੋਈ ਦਾਅ ਲਾਉਣ ਨੂੰ ਫਿਰਦੀ ਸੀ।

ਮੂਰਤੀ ਦੀ ਕਾਲੀ ਪਛਾਕ ਹਨੇਰੇ ਦੇ ਨਾਲ ਘੁਲ-ਮਿਲ ਗਈ ਸੀ। ਕਿਸੇ ਦਾ ਉਸ ਵਲ ਧਿਆਨ ਜਾਣਾ ਔਖਾ ਸੀ। ਪਿਛਲੇ ਪਾਸੇ ਦਾ ਵਾਰਡਰ ਜਦੋਂ ਫੇਰਾ ਮਾਰ ਕੇ ਇੱਕ ਨੁਕਰੇ ਜਾ ਬੈਠਾ ਤਾਂ ਉਸ ਮੂਰਤੀ ਨੇ ਕਾਲੇ ਗੋਟ ਦੇ ਹੇਠੋਂ ਰਸੀ ਕਢੀ ਤੇ ਉਸ ਨੂੰ ਉਪਰ ਸੁਟਿਆ ਉਹ ਦਾ ਇੱਕ ਸਿਰਾ ਉਪਰ ਅੜ ਨਾ ਸਕਿਆ। ਉਸ ਨੇ ਰਸੀ ਨੂੰ ਇਕਠਾ ਕਰ ਲਿਆ ਤੇ ਹੌਲੀ ਹੌਲੀ ਬੈਠੇ ਵਾਰਡਰ ਵਲ ਵਧਿਆ। ਉਹ ਦੂਸਰੇ ਪਾਸੇ ਮੂੰਹ ਕਰਕੇ ਬੈਠਾ ਸੀ, ਬਿਜਲੀ ਦੀ ਤੇਜ਼ੀ ਵਾਂਗ ਉਛਲ ਕੇ ਉਸ ਮੂਰਤੀ ਨੇ ਵਾਲਡਰ ਨੂੰ ਨੱਪ ਲਿਆ ਤੇ ਬੋਲਣ ਨਾ ਦਿੱਤਾ। ਉਸ ਦੀਆਂ ਨਾਸਾਂ ਨੂੰ ਕੋਈ ਚੀਜ਼ ਸੁੰਘਾਈ ਜਿਸ ਨਾਲ ਉਹ ਬੇਸੁਰਤ ਹੋ ਗਿਆ। ਉਸੇ ਵੇਲੇ ਮੂਰਤੀ ਨੇ ਕਾਲੀ ਚਾਦਰ ਆਪਣੇ ਉਤੋਂ ਲਾਹ ਕੇ ਪਰੇ ਸੁਟ ਦਿਤੀ ਤੇ ਵਾਰਡਰ ਦੀ ਦੀ ਬਰਦੀ ਉਤਾਰ ਕੇ ਆਪ ਪਹਿਣ ਲਈ। ਬੂਟ ਵੀ ਉਸ ਦੇ ਪੈਰੀਂ ਪਾ ਲਏ। ਰਾਤ ਦੇ ਹਨੇਰੇ ਵਿਚ ਬੂਟਾਂ ਦਾ ਖੜਕਾਰ ਕਰਦੀ ਹੋਈ ਮੂਰਤੀ ਦਰਵਾਜ਼ੇ ਵਲ ਆਈ। ਅਗੇ ਦੂਸਰੇ ਸੰਤਰੀ ਦਾ ਪਹਿਰਾ ਸੀ, ਜਿਸ ਦੇ ਹੱਥ ਵਿਚ ਬੰਦੂਕ ਸੀ ਉਹ ਬਿਜਲੀ ਦੀ ਰੋਸ਼ਨੀ ਵਿੱਚ ਖਲੋਤਾ ਸੀ। ਮੂਰਤੀ ਨੇ ਹੌਲੀ ਜਹੀ ਅਵਾਜ਼ ਦੇ ਕੇ ਇਸ਼ਾਰਾ ਕੀਤਾ ਕਿ ਉਹ ਹਨੇਰੇ ਵਲ ਆਏ ਕਿ ਕੋਈ ਆਦਮੀ ਫਿਰਦਾ ਹੈ। ਵਾਰਡਰ ਭਰਾ ਸਦਦਾ ਸਮਝ ਕੇ ਉਹ ਤੁਰ ਪਿਆ ਤੇ ਲੰਮੇ ਕਦਮ ਪੁਟ ਕੇ ਮੂਰਤੀ ਵਲ ਗਿਆ। ਅਜੇ ਉਹ ਦੋ ਕੁ ਕਦਮ ਉਰੇ ਸੀ ਕਿ ਉਸ ਨੇ ਪੁਛਿਆ, 'ਕੀ ਹੈ!'

'ਕੋਈ ਆਦਮੀ !' ਅਗੋਂ ਆਵਾਜ਼ ਆਈ।

'ਕਿਥੇ ?'

'ਉਧਰ !'

ਜਿਧਰ ਇਸ਼ਾਰਾ ਕੀਤਾ ਸੀ, ਬੰਦੂਕ ਵਾਲਾ ਸਿਪਾਹੀ ਉਧਰ ਦੇਖਣ ਹੀ ਲੱਗਾ ਸੀ ਕਿ ਨਕਲੀ ਵਾਰਡਰ ਨੇ ਛੇਤੀ ਨਾਲ ਉਸ ਦੀ ਬੰਦੂਕ ਘੁੱਟ ਲਈ ਤੇ ਉਹਦੀਆਂ ਨਾਸਾਂ ਉਤੇ ਕੋਈ ਚੀਜ਼ ਰਗੜ ਦਿੱਤੀ। ਉਹ ਵੀ ਬੇਸੁਰਤ ਹੋ ਕੇ ਡਿੱਗ ਪਿਆ। ਉਸ ਦੀ ਬੰਦੂਕ ਫੜ ਲਈ ਜ਼ੇਬ ਵਿਚੋਂ ਗੋਲੀਆਂ ਕਢ ਲਈਆਂ ਤੇ ਬਨੌਟੀ ਵਾਰਡਰ ਨੇ ਇੱਕ ਬਰੀਕ ਜਹੀ ਅਵਾਜ਼ ਵਿਚ ਸੀਟੀ ਦਿੱਤੀ। ਉਸ ਨੂੰ ਸੁਣ ਕੇ ਜੱਦ ਦੋ ਆਦਮੀ ਉਸ ਵਲ ਵਧ ਆਏ।

"ਇਸ ਦੀ ਬਰਦੀ ਲਾਹ ਕੇ ਇੱਕ ਜਣਾ ਪਾ ਲਵੇ।" ਵਾਰਡਰ ਨੇ ਆਖਿਆ।

'ਦੂਸਰੇ ਮਰਦ ਨੇ ਤਿਵੇਂ ਹੀ ਕੀਤਾ।'

'ਤਿੰਨੇ ਗੇਟ ਅਗੇ ਆ ਗਏ।'

ਬਨਾਉਟੀ ਵਾਰਡ ਨੇ ਅੰਦਰਲੇ ਸਿਪਾਹੀ ਨੂੰ ਅਵਾਜ ਦਿਤੀ 'ਰਾਮ ਭਜ ! ਬੂਹਾ ਖੋਲ੍ਹ ਸਾਹਿਬ ਆਇਆ ਏ !'

ਉਹ ਨੀਂਦ ਨਾਲ ਹੁੰਗਲਾ ਰਿਹਾ ਸੀ। ਉਸ ਨੇ ਬਿਨਾਂ ਸੋਚੇ ਸਮਝੇ ਦੇ ਝਟ ਬੂਹਾ ਖੋਲ੍ਹ ਦਿਤਾ। ਬਨਾਉਟੀ ਸਿਪਾਹੀ ਤੇ ਉਸ ਦੇ ਸਾਥੀ ਅੰਦਰ ਚਲੇ ਗਏ। ਅੰਦਰਲਾ ਸਿਪਾਹੀ ਓਪਰੇ ਆਦਮੀ ਦੇਖਕੇ ਰੌਲਾ ਪਾਉਣ ਹੀ ਲੱਗਾ ਸੀ ਕਿ ਇੱਕ ਨੇ ਨਸ ਕੇ ਉਹੋ ਚੀਜ਼ ਉਹਦੀਆਂ ਵੀ ਨਾਸਾਂ ਉਤੇ ਰਗੜ

ਦਿੱਤੀ। ਰਾਹ ਸਾਫ ਹੋ ਗਿਆ ਚਾਬੀਆਂ ਦਾ ਗੁਛਾ ਉਨ੍ਹਾਂ ਦੇ ਹੱਥ ਆ ਗਿਆ। ਅੰਦਰਲੇ ਦੋ'ਹ ਵਾਰਡਰਾਂ ਤੇ ਲੰਬਰਦਾਰਾਂ ਤੋਂ ਅੱਖ ਬਚਾਉਂਦੇ ਹੋਏ। ਇਕ ਕੋਠੜੀ ਦੇ ਅਗੇ ਗਏ। ਉਥੇ ਜੀਵਨ ਮੂਰਤੀ ਬੰਦ ਸੀ। ਕੋਠੜੀ ਦਾ ਬੂਹਾ ਖੋਲ੍ਹਿਆ ਤੇ ਉਸ ਨੂੰ ਚੁਪ ਚਾਪ ਪਿਛੇ ਆਉਣ ਦਾ ਇਸ਼ਾਰਾ ਕੀਤਾ।

ਤਿੰਨਾਂ ਤੋਂ ਚਾਰ ਹੋਕੇ ਡਿਉੜੀ ਵਿਚ ਆ ਗਏ। ਅੰਦਰਲੇ ਬੂਹੇ ਨੂੰ ਬੰਦ ਕੀਤਾ ਤੇ ਬਾਹਰ ਨਿਕਲ ਕੇ ਜੇਕਲ ਦੇ ਬੂਹੇ ਅੱਗੇ ਚਿਟ ਲਾਈ।

'ਜੀਵਨ ਮੂਰਤੀ ਨੂੰ 'ਪਹਾੜੀ ਸ਼ੇਰ ਤੇ ਬਾਗ਼ੀ ਸੁੰਦਰੀ' ਕਢਕੇ ਲੈ ਗਏ। ਜੋ ਪਿਛਾ ਕਰੇਗਾ ਉਹ, ਮਾਰਿਆ ਜਾਏਗਾ।'

ਚਾਬੀਆਂ ਉਥੇ ਸੁਟ ਦਿੱਤੀਆਂ, ਪਰ ਬੰਦੂਕ ਤੇ ਬਰਦੀਆਂ ਨਾ ਦਿੱਤੀਆਂ। ਪਲੋ ਪਲੀ ਚਾਰੇ ਹਨੇਰੇ ਵਿਚ ਅਲੋਪ ਹੋ ਗਏ। ਉਹ ਸਨ-ਜਨ, ਗਨ, ਮਨ ਤੇ ਬਾਗ਼ੀ ਸੁੰਦਰੀ। ਆਪਣੇ ਸਾਥੀ ਜੀਵਨ ਮੂਰਤੀ ਨੂੰ ਜੇਹਲ ਦੀ ਕੋਠੜੀ ਵਿਚੋਂ ਕਢਣ ਵਿਚ ਸਫਲਤਾ ਪ੍ਰਾਪਤ ਕਰ ਗਏ।

ਉਨ੍ਹ ਦੇ ਜਾਣ ਤੋਂ ਇੱਕ ਘੰਟਾ ਬਾਹਦ ਪਹਰਾ ਬਦਲਣਾ ਸੀ। ਜਦੋਂ ਨਵੇਂ ਸਿਪਾਹੀ ਆਏ ਤਾਂ ਜੇਹਲ ਦਾ ਦਾ ਬੂਹਾ ਖੁਲ੍ਹਾ ਤੇ ਚਾਬੀਆਂ ਵਾਲਾ ਬੇ ਸੁਰਤ ਪਿਆ ਦੇਖ ਕੇ ਉਨ੍ਹਾਂ ਨੇ ਖਤਰੇ ਦਾ ਅਲਾਰਮ ਦੇ ਦਿੱਤਾ। ਭਜ ਨਸ ਪੈ ਗਈ। ਜੇਹਲ ਦਾ ਦਰੋਗਾ ਘਰੋਂ ਉਠ ਕੇ ਆਇਆ। ਸਾਰੇ ਪਹਰੇਦਾਰ ਆਏ। ਕਿਸੇ ਹਥ ਡਾਂਗ, ਕਿਸੇ ਹੱਥ ਬੰਦੂਕ ਤੇ ਕਿਸੇ ਤਲਵਾਰ ਸੀ। ਉਸੇ ਵੇਲੇ ਜ਼ਿਲਾ ਮਿਸਟ੍ਰੇਟ ਨੂੰ ਟੈਲੀਫੋਨ ਕੀਤਾ ਗਿਆ।

ਪਲੋ ਪਲੀ ਜੇਹਲ ਵਿੱਚ ਸ਼ੋਰ ਮਚ ਗਿਆ ਤੇ ਸਾਰੇ ਸਬੰਧਤ ਅਫਸਰ ਤੇ ਕਰੰਦੇ ਇਕਠੇ ਹੋ ਗਏ।

ਪੈਦਲ, ਲਾਰੀ ਤੇ ਮੋਟਰ ਸਾਈਕਲਾਂ ਤੇ ਚੜ੍ਹਕੇ ਨਸੇ ਕੈਦੀ ਦੀ ਖੋਜ ਹੋਣ ਲਗੀ। ਜੇਹਲ ਤੋਂ ਦੂਰ ਦੂਰ ਸ਼ਿਕਾਰੀਆਂ ਵਾਂਗ ਨਿਕਲ ਗਏ ਤੇ ਵਾਹਰ ਵਾਂਗ ਰਾਤ ਦੇ ਹਨੇਰੇ ਵਿਚ ਹਾਕਰਾਂ ਮਾਰਦੇ ਜਾਂਦੇ ਸਨ।

ਦੋ ਮੋਟਰ ਸਾਈਕਲਾਂ ਵਾਲੇ ਨਸੇ ਜਾਂਦੇ ਕੈਦੀ ਦੇ ਪੁੱਜੇ। ਰੋਸ਼ਨੀ ਦੇਖ ਤੇ ਮੋਟਰ ਸਾਈਕਲਾਂ ਦਾ ਖੜਕਾ ਸੁਣ ਕੇ ਉਹ ਚਾਰੇ ਚੌਕੰਨੇ ਹੋ ਗਏ। ਸੜਕ ਦੇ ਲਾਗੇ ਇੱਕ ਝਾੜੀ ਦੇ ਉਹਲੇ ਹੋ ਗਏ। ਕੈਦੀ ਦਾ ਭੇਸ ਬਦਲਾ ਲਿਆ। ਮੁਛਾਂ ਨੂੰ ਸਫਾ-ਚਟ ਕਰਕੇ ਲੰਮੀ ਦਾਹੜੀ ਤੇ ਮੁੱਛਾਂ ਲਾ ਲਈਆਂ। ਭਗਵਾ ਚੋਲਾ ਪਹਿਨ ਲਿਆ ਤੇ ਹੱਥ ਵਿਚ ਕਰਮੰਡਲ ਫੜ ਲਿਆ। ਉਹ ਨੌਜੁਆਨ ਇੱਕ ਵਡੇਰੀ ਉਮਰ ਦਾ ਸਾਧੂ ਪ੍ਰਤੀਤ ਹੋਣ ਲੱਗਾ ਜੋ ਵੈਸ਼ਨੋ ਦੇਵੀ ਦੀ ਯਾਤਰਾ ਵਾਸਤੇ ਜਾ ਰਿਹਾ ਸੀ।

ਮੋਟਰ ਸਾਈਕਲਾਂ ਵਾਲੇ ਉਨ੍ਹਾਂ ਦੇ ਬਰੋਬਰ ਉਤੇ ਆਏ। ਉਨ੍ਹਾਂ ਨੂੰ ਕੋਈ ਸ਼ਕ ਪਿਆ ਤੇ ਉਨ੍ਹਾਂ ਮੋਟਰ ਸਾਈਕਲ ਖੜੇ ਕਰ ਦਿੱਤੇ ਅਤੇ ਐਧਰ ਉਧਰ ਤਕਣ ਲਗੇ। ਕੈਦੀ ਨੂੰ ਨਠਾਉਣ ਵਾਲਿਆਂ ਨੇ ਮੌਕਾ ਹਥੋਂ ਗੁਵਾਉਣਾ ਚੰਗਾ ਨਾ ਸਮਝਿਆ। ਝਟ ਪਟ ਪਹਿਲੀ ਮੂਰਤੀ ਨੇ ਆਪਣਾ ਪਸਤੌਲ ਤਣਿਆ ਤੇ ਮਿੰਟ ਤੋਂ ਪਹਿਲਾਂ ਦੋ ਫਾਇਰ ਕਰ ਦਿੱਤੇ। ਉਹ ਦੋਵੇਂ ਫਾਇਰ ਐਵੇਂ ਨਾ ਗਏ ਤੇ ਦੋਵੇਂ ਮੋਟਰਸਾਈਕਲ

ਪ੍ਰਰਾਰ ਸੜਕ ਉਨੇ ਉਲਟ ਪਏ। ਮੂਰਤੀ ਤੇ ਉਸ ਦੇ ਸਾਥੀ ਅੱਗੇ ਵਧੇ ਉਨ੍ਹਾਂ ਵੇਖਿਆ ਹੇਠਾਂ ਸਿਪਾਹੀ ਤੇ ਉਪਰ ਮੋਟਰ ਸਾਈਕਲ ਸੀ। ਉਨ੍ਹਾਂ ਦੋਹਾਂ ਨੂੰ ਇੱਕ ਇੱਕ ਗੋਲੀ ਹੋਰ ਮਾਰਕੇ ਸਦਾ ਵਾਸਤੇ ਠੰਢਿਆਂ ਕਰ ਦਿੱਤਾ ਤੇ ਆਪ ਮੋਟਰ-ਸਾਈਕਲ ਨੂੰ ਚਲਾ ਕੇ ਰਾਤ ਦੇ ਹਨੇਰੇ ਵਿਚ ਤੋਰ ਹੋ ਗਏ।

ਪਰ ਜ਼ਿਲ੍ਹੇ ਦੀ ਪੋਲੀਸ, 'ਅੰਨ੍ਹੇ ਕੁੱਤੇ ਹਰਨਾਂ ਦੇ ਸ਼ਿਕਾਰੀ' ਵਾਂਗ ਬੰਦੂਕਾਂ ਚਲਾਉਂਦੀ ਹੋਈ ਤੇ ਰੌਲਾ ਪਾਉਂਦੀ ਹੋਈ ਆਪਣੇ ਅਫਸਰਾਂ ਨੂੰ ਖੁਸ਼ ਕਰਨ ਵਾਸਤੇ ਏਧਰ ਉਧਰ ਫਿਰਨ ਲੱਗੀ। ਸਾਰੇ ਸ਼ਹਿਰ ਵਿਚ ਏਸੇ ਗਲ ਦੀ ਚਰਚਾ ਹੋਣ ਲਗ ਪਈ, "ਜਿਹਲ ਤੋੜ ਕੇ ਨਸ ਗਏ।"

## ੫.

ਤਿੰਨਾਂ ਦਿਨਾਂ ਵਿਚ ਦੋ ਚਾਰ ਅੰਗ੍ਰੇਜ਼ ਮਾਰੇ ਗਏ। ਸੂਬਾ ਪੰਜਾਬ ਦੀ ਨੁਕਰ ਨੁਕਰ ਵਿਚ ਰੌਲਾ ਪੈ ਗਿਆ ਕਿ ਜੁਗ-ਗ਼ਰਦ ਖ਼ੂਨੀ ਇੰਨਕਲਾਬ ਕਰਨ ਤੇ ਤੁਲ ਪਏ ਹਨ। ਜ਼ਿਲਾ ਹੁਸ਼ਿਆਰ ਪੁਰ ਦੇ ਜੁਗ-ਗਰਦ ਲਾਹੌਰ ਦੇ ਜੁਗ-ਗਰਦਾਂ ਨਾਲੋਂ ਵਧ ਗਏ ਸਨ। ਸਾਰੇ ਜ਼ਿਲੇ ਦੇ ਅਫਸਰ ਡਰ ਗਏ ਸਨ। ਕਈਆਂ ਨੂੰ ਉਨ੍ਹਾਂ ਦੀ ਮੌਤ ਦੇ ਵਰੰਟ ਮਿਲ ਚੁਕੇ ਸਨ। 'ਪਹਾੜੀ ਸ਼ੇਰ ਅਤੇ ਬਾਗ਼ੀ ਸੁੰਦਰੀ' ਦਾ ਕੋਈ ਪਤਾ ਨਹੀਂ ਸੀ ਲਗਦਾ ਕਿ ਉਹ ਕੌਣ ਹਨ ਤੇ ਕਿੱਥੇ ਰਹਿੰਦੇ ਨੇ। ਦੋਹਾਂ ਦੀ ਗ੍ਰਿਫਤਾਰੀ ਦਾ ਇਨਾਮ ਵੀਹ ਹਜ਼ਾਰ ਤੋਂ ਪੰਜਾਹ ਹਜ਼ਾਰ ਤਕ ਪੁੱਜ ਗਿਆ। ਜਿਸ ਅਫਸਰ ਨੂੰ ਜਿਸ ਮਨੋਰਥ ਦਾ ਨੋਟਸ ਮਿਲਦਾ। ਲਖ ਯਤਨ ਤੇ ਰਾਖੀ ਕਰਨ ਦੇ ਵੀ ਉਹ ਕੰਮ ਹੋ ਜਾਂਦਾ। ਅੰਗਰੇਜ਼ ਦੇ ਪਿੱਠੂ ਹੱਥ ਮਲਦੇ ਰਹਿ ਜਾਂਦੇ।

ਸਭ ਤੋਂ ਬਹੁਤੀ ਬਿਪਤਾ ਮਿਸਟਰ ਰਾਮ ਪ੍ਰਸਾਦ ਨੂੰ ਸੀ। ਉਸਦੇ ਆਪਣੇ ਮਰਨ ਦਾ ਦਿਨ ਵੀ ਨੇੜੇ ਆ ਰਿਹਾ ਸੀ ਅਤੇ ਦੋ ਅੰਗ੍ਰੇਜ਼ ਅਫਸਰਾਂ ਦੇ ਕਤਲ ਵੀ ਹੋ ਚੁਕੇ ਸਨ। ਮੈਗਜ਼ੀਨ ਲੁਟਨ ਦੀ ਧਮਕੀ ਦਿੱਤੀ ਗਈ ਸੀ। ਪੁਲੀਸ ਦੇ

ਸਪਾਹੀ ਤੋਂ ਕਪਤਾਨ ਤਕ ਕੋਈ ਵਰਦੀ ਨਹੀਂ ਸੀ ਲਾਹੰਦਾ ਤੇ ਨਾ ਰਾਤ ਦਿਨੇ ਆਰਾਮ ਕਰਦਾ ਸੀ। ਐਧਰੋਂ ਆਏ ਤੇ ਐਧਰ ਗਏ, ਸੋਚਾਂ ਤੇ ਭਜ-ਨਸ ਦਾ ਥੱਕਿਆ ਹੋਇਆ ਰਾਮ ਪ੍ਰਸਾਦ ਘਰ ਆਇਆ ਤਾਂ ਅਗੇ ਉਸ ਦੀ ਪਤਨੀ ਨਿਰਮਲਾ ਉਦਾਸ ਬੈਠੀ ਸੀ। ਉਸ ਦੇ ਚੇਹਰੇ ਦਾ ਰੰਗ ਉਡ ਚੁਕਾ ਸੀ ਤੇ ਅੱਖਾਂ ਵਿਚ ਅਣਡੁਲ੍ਹੇ ਅਥਰੂ ਸਨ।

ਰਾਮ ਪ੍ਰਸਾਦ ਨੇ ਉਸ ਵਲ ਤਕਿਆ ਤੇ ਅਣਬੋਲੇ ਹੀ ਕੁਰਸੀ ਉਤੇ ਬੈਠ ਗਿਆ। ਉਹ ਰਸੋਈ ਵਲ ਚਲੀ ਗਈ ਤੇ ਸਾਹਿਬ ਆਪਣੇ ਮਨ ਨਾਲ ਹੀ ਗਲਾਂ ਕਰਨ ਲੱਗਾ—ਆਖਰ ਪਹਾੜੀ ਸ਼ੇਰ ਹੈ ਕੌਣ? ਕਿੰਨੀ ਹੈਰਾਨੀ ਦੀ ਗਲ ਹੈ, ਇੱਕ ਕੁੜੀ ਜੇਹਲ ਵਿੱਚੋਂ ਕੈਦੀ ਵੀ ਕੱਢ ਕੇ ਲੈ ਗਈ। ਬੰਦੂਕ, ਪਸਤੌਲ ਤੇ ਦੋ ਮੋਟਰ ਸਾਈਕਲ ਵੀ ਉੜਾਏ ਗਏ। ਚਾਰ ਕਤਲ ਵੀ ਕਰ ਗਈ। ਉਹ ਔਰਤ ਹੈ ਜਾਂ ਚੜੇਲ?...ਮੈਂ ਵੀ ਗਲਤੀ ਕੀਤੀ ਜੋ ਗੋਲੀ ਚਲਾਉਣ ਦਾ ਹੁਕਮ ਨਾ ਦੇਂਦਾ ਤਾਂ ਇਹ ਬਿਪਤਾ ਕਿਉਂ ਪੈਂਦੀ, ਇੰਵ ਪ੍ਰਤੀਤ ਹੁੰਦਾ ਹੈ ਕਿ ਮੇਰੇ ਜੀਵਨ ਦੇ ਦਿਨ ਮੁਕ ਚੁੱਕੇ ਹਨ।

ਅਜੇ ਪਿਛਲੇ ਸ਼ਬਦ ਉਸ ਦੀ ਜ਼ਬਾਨ ਤੇ ਹੀ ਸਨ ਕਿ ਨਿਰਮਲਾ ਕਮਰੇ ਵਿੱਚ ਆ ਪੁੱਜੀ ਤੇ ਉਸ ਨੇ ਉਹ ਸ਼ਬਦ ਸੁਣ ਲਏ। "ਭਗਵਾਨ ਦਾ ਨਾਮ ਲਵੋ! ਮੰਦੇ ਸ਼ਬਦ ਨਾ ਮੂੰਹੋਂ ਕਹੋ। ਤੁਸਾਂ ਦੇ ਦੁਸ਼ਮਨਾਂ ਦੇ ਜੀਵਨ ਦਿਨ ਮੁਕਣ! ਹੱਥ ਮੂੰਹ ਧੋਵੋ ਤੇ ਰੋਟੀ ਖਾਓ।"

'ਭੁਖ ਲਗੀ ਹੈ! ਰੋਟੀ ਤਾਂ ਖਾਂਦਾ ਹਾਂ, ਪਰ ਵੀਣਾ

ਕਿੱਥੇ ਹੈ ?"

'ਦੋ ਕੁ ਘੰਟੇ ਹੋਏ ਨੇ ਅਨਦਸੇ ਹੀ ਬਾਹਰ ਚਲੀ ਗਈ ਹੈ।'

"ਇਸ ਕੁੜੀ ਨੇ ਵੀ ਬੜਾ ਤੰਗ ਕੀਤਾ ਹੈ?"

'ਕਿਉਂ ?'

'ਸੀ. ਆਈ. ਡੀ. ਕੋਲ ਇਕ ਤਸਵੀਰ ਹੈ, ਜੋ ਏਸੇ ਦੀ ਹੈ। ਨਾਲ ਰੀਪੋਰਟ ਹੈ ਕਿ ਇਹ ਬੰਗਾਲ ਦੇ ਇੰਨਕਲਾਬੀਆਂ ਦੀ ਸਾਥਣ ਹੈ ਤੇ ਏਸੇ ਨੇ ਹੀ ਕਲਕਤੇ ਦੇ ਇਕ ਮਿਜਸਟ੍ਰੇਟ ਥਾਮਨਸਨ ਨੂੰ ਪਸਤੌਲ ਦੀ ਗੋਲੀ ਨਾਲ ਮਾਰਿਆ ਹੈ। ਪੋਲੀਸ ਇਸ ਦੀ ਢੂੰਡ ਕਰ ਰਹੀ ਹੈ। ਇਹ ਸ਼ੁਕਰ ਹੈ ਕਿ ਅਜੇ ਤਕ ਸਰਕਾਰ ਨੂੰ ਇਹ ਨਹੀਂ ਪਤਾ ਲਗਾ ਕਿ ਇਹ ਮੇਰੀ ਭੈਣ ਹੈ। ਨਹੀਂ ਤੇ ਨੌਕਰੀ ਤੋਂ ਅਜ ਹੀ ਹੱਥ ਧੋਣੇ ਪਏ ਜਾਣੇ ਸਨ।'

'ਹੈਂ ਵੀਨਾ.........ਕਾਤਲ ? ਨਿਰਮਲਾ ਨੇ ਬੜੀ ਅਸਚਰਜਤਾ ਨਾਲ ਪੁੱਛਿਆ। ਪੁਛਣ ਦੇ ਨਾਲ ਹੀ ਸਿਰ ਤੋਂ ਪੈਰਾਂ ਤਕ ਕੰਬ ਗਈ। ਘਬਰਾਹਟ ਵਿਚ ਬੋਲੀ ਗਈ। ਕੀ ! ਤੁਸਾਂ ਨੇ ਆਪ ਉਹ ਤਸਵੀਰ ਵੇਖੀ ਹੈ ?'

'ਵੇਖੀ ਹੀ ਨਹੀਂ ਉਹ ਤਸਵੀਰ ਮੇਰੇ ਕੋਲ ਹੈ। ਇੰਨਾ ਉਤਰ ਦੇ ਕੇ ਰਾਮ ਪ੍ਰਸਾਦ ਨੇ ਤਸਵੀਰ ਜ਼ੇਬ ਵਿਚੋਂ ਕਢ ਕੇ ਨਿਰਮਲਾ ਦੇ ਹੱਥ ਦਿੱਤੀ। ਤਸਵੀਰ ਨੂੰ ਵੇਖਦੇ ਸਾਰ ਉਸ ਦੀਆਂ ਅੱਖਾਂ ਅਗੇ ਹਨੇਰਾ ਛਾ ਗਿਆ।

'ਹੈਂ ! ਵੀਨਾ ਕਾਤਲ ! ਹੁਣ ਕੀ ਬਣੇਗਾ ?'

ਰਾਮ ਪ੍ਰਸਾਦ ਨੇ ਕੋਈ ਉੱਤਰ ਨਾ ਦਿੱਤਾ।

ਰੋਟੀ ਖਾਣ ਬੈਠਾ, ਅਜੇ ਅਧ ਵਿਚ ਹੀ ਪੁਜਾ ਸੀ ਕਿ ਟੈਲੀਫੋਨ ਦੀ ਘੰਟੀ ਖੜਕੀ। ਨਿਰਮਲਾ ਸੁਨਣ ਚਲੀ ਸੀ ਕਿ ਰਾਮ ਪ੍ਰਸਾਦ ਨੇ ਆਖਿਆ, 'ਮੈਂ ਆਪ ਸੁਣਦਾ ਹਾਂ।' ਰੋਟੀ ਵਿੱਚੇ ਹੀ ਛਡ ਕੇ ਟੈਲੀਫੋਨ ਸੁਣਨ ਚਲਿਆ ਗਿਆ।

'ਹੈਲੋ!' ਆਖਿਆ।

''ਕਪਤਾਨ ਸਾਹਿਬ ਹੈਂ!' ਅਗੋਂ ਪੁਛ ਆਈ।

'ਹਾਂ! ਮੈਂ ਹੀ ਕਪਤਾਨ ਹਾਂ!' ਰਾਮ ਪ੍ਰਸਾਦ ਨੇ ਉਤਰ ਦਿੱਤਾ।

'ਥਾਨਾ ਸਿਵਲ ਲਾਈਨ ਤੋਂ ਮੈਂ ਰਾਮ ਨਾਥ ਇੰਨਸਪੇਕਟਰ ਬੋਲ ਰਿਹਾ ਹਾਂ!'

'ਕੀ ਗਲ ਏ?'

''ਛੇਤੀ ਆਈਏ ਮੇਕਨੀ ਸਾਹਿਬ ਦਾ ਖ਼ੂਨ ਹੋ ਗਿਆ।''

'ਖ਼ੂਨ! ਮੇਕਨੀ ਸਾਹਿਬ ਦਾ ਖ਼ੂਨ! ਪਰ ਕਿਸ ਨੇ ਕੀਤਾ?'

'ਜੀ ਉਹੋ ਲੜਕੀ ਦਸੀ ਦੀ ਹੈ, ਜਿਸ ਦੀ ਤਸਵੀਰ ਕਲਕਤਿਓਂ ਆਈ ਏ!'

ਇਹ ਸੁਣਦੇ ਸਾਰ ਕਪਤਾਨ ਸਾਹਬ ਦੇ ਹੱਥਾਂ ਦੇ ਤੋਤੇ ਉਡ ਗਏ। ਉਸ ਨੇ ਰਸੀਵਰ ਰਖ ਦਿਤਾ। ਥਾਨੇ ਪੁਜਣ ਵਾਸਤੇ ਕੋਈ ਉੱਤਰ ਨਾ ਦਿੱਤਾ। ਟਲੀ ਫਿਰ ਖੜਕਣ ਲਗੀ, ਪਰ ਸਾਹਬ ਨੇ ਰਸੀਵਰ ਨਾ ਚੁਕਿਆ ਤੇ ਨਾ ਟੈਲੀਫੋਨ ਸੁਣਿਆ।

ਬੌਂਦਲਿਆ ਜਿਹਾ ਆਕੇ ਕੁਰਸੀ ਉੱਤੇ ਡਿੱਗ ਪਿਆ। ਉਸ ਦੇ ਚੇਹਰੇ ਦੀ ਰੰਗਤ ਦੇਖ ਕੇ ਨਿਰਮਲਾ ਘਾਬਰ ਗਈ ਤੇ ਉਸ ਨੇ ਕਾਹਲੀ ਵਿਚ ਪੁਛਿਆ, "ਕਿਉਂ ਜੀ ਕੀ ਗਲ ਏ ?"

"ਕਿਸਮਤ ਭੁਬ ਗਈ।" ਰਾਮ ਪ੍ਰਸਾਦ ਨੇ ਉੱਤਰ ਦਿੱਤਾ।

'ਕਿਉਂ ?"

'ਵੀਨਾ ਨੇ ਮੇਕਨੀ ਸਾਹਿਬ ਨੂੰ ਮਾਰ ਦਿੱਤਾ!'

'ਹਾਂ!'

'ਝੂਠ।'

'ਸਚ।'

'ਪਰ ਕੀ ਫੜੀ ਗਈ ?'

'ਨਹੀਂ ! ਤੀਰ ਹੋ ਗਈ। ਮੇਰੇ ਬੰਗਲੇ ਆਏ ਤਾਂ ਉਸ ਨੂੰ ਫੜ ਕੇ ਪੁਲੀਸ ਦੇ ਹਵਾਲੇ ਕੀਤਾ ਜਾਏ! ਚੜੇਲ! ਮੇਰੀ ਮੌਤ! ਮੇਰੀ ਉਲਾਦ ਦੀ ਦੁਸ਼ਮਨ। ਮੈਂ ਖੁਦ ਉਸ ਨੂੰ ਗ੍ਰਿਫਤਾਰ ਕਰਾਂਗਾ। ਜੇ ਉਸ ਨੇ ਨਸਣ ਦਾ ਯਤਨ ਕੀਤਾ ਤਾਂ ਗੋਲੀ ਮਾਰ ਦਿਆਂਗਾ, ਉਹ ਮੇਰੀ ਭੇਣ ਨਹੀਂ!ਰਾਜ-ਧ੍ਰੋਹੀ ਹੈ! ਬਾਗ਼ੀ ਹੈ!"

ਕਪਤਾਨ ਸਾਹਿਬ ਇਉਂ ਬੋਲਦੇ ਹੋਏ ਮੁਕੀਆਂ ਵਟ ਅੰਤ ਕੇ ਮੇਜ਼ ਉਤੇ ਮਾਰਦੇ ਰਹੇ। ਉਨ੍ਹਾਂ ਦੀ ਮੁਕੀ ਦੀ ਧਮਕ ਨਾਲ ਮੇਜ਼ ਉਤੋਂ ਪਾਣੀ ਵਾਲਾ ਗਲਾਸ ਫਰਸ਼ ਉਤੇ ਡਿਗ ਪਿਆ ਤੇ ਚੀਨੀ ਦੀਆਂ ਪ੍ਰਿਚਾਂ ਥਾਲੀ ਵਿਚ ਬੁੜਕੀਆਂ। ਰੋਟੀ ਖਾਣੀ ਭੁਲ ਗਈ। ਕੁਰਸੀ ਤੋਂ ਉਠੇ ਤੇ ਪਸਤੌਲ ਗਲ ਵਿਚ

ਪਾਕੇ ਦਬਾ-ਦਬ ਬਾਹਰ ਨੂੰ ਚਲੇ ਗਏ। ਨਿਰਮਲਾ ਜਿੱਥੇ ਖਲੋਤੀ ਝੀ ਉੱਥੇ ਹੀ ਮੂਰਤੀ ਬਣੀ ਖਲੋਤੀ ਰਹੀ।

ਮਿਸਟਰ ਮੇਕਨੀ ਸੀ.ਆਈ.ਡੀ ਦਾ ਵਡਾ ਅਫਸਰ ਸੀ। ਉਸ ਨੇ ਅਨੇਕਾਂ ਦੇਸ਼ ਭਗਤਾਂ ਨੂੰ ਜੇਹਲਾਂ ਵਿਚ ਸੁਟਿਆ ਸੀ। ਬਬਰ-ਅਕਾਲੀ ਤੇ ੧੯੧੪–੧੫ ਦੇ ਅੰਮ੍ਰੀਕਨ ਦੇਸ਼ ਭਗਤਾਂ ਨੂੰ ਵੀ ਏਨੇ ਨੇ ਹੀ ਕੈਦ ਕਰਵਾਇਆ ਸੀ। ਇਹ ਹਰ ਇੱਕ ਦੀ ਅੱਖ ਵਿਚ ਤਿੱਣ ਸੀ।

ਮੌਤ ਇਉਂ ਹੋਈ ?

ਮੇਕਨੀ ਸਾਹਿਬ ਸ਼ਾਮ ਦਾ ਖਾਣਾ ਖਾਣ ਪਿਛੋਂ ਆਪਣੀ ਮੇਮ ਕੋਲ ਬੈਠੇ ਗਲਾਂ ਕਰ ਰਹੇ ਸਨ ਕਿ ਘੰਟੀ ਖੜਕੀ। ਉਸ ਵੇਲੇ ਬਾਹਰੋਂ ਬਹਿਰਾ ਆਇਆ ਤੇ ਉਸ ਨੇ ਇਕ ਮਿਲਣ-ਪੱਤਰ ਸਾਹਬ ਨੂੰ ਦਿੱਤਾ। ਉਸ ਪੱਤਰ ਉਤੇ ਮਿਲਣ ਵਾਲੇ ਦਾ ਨਾਂ ਸੀ ਸ੍ਰੀ ਮਤੀ ਕਮਲਾ ਵਤੀ, ਐਮ.ਬੀ.ਬੀ.ਐਸ. ਲੇਡੀ ਹਿਲਥ ਉਫੀਸਰ। ਇਸ ਨਾਂ ਦੀ ਔਰਤ ਸਾਹਬ ਦੀ ਜਾਣੂ ਸੀ। ਸਾਹਬ ਨੇ ਜਾਤਾ ਖਵਰੇ ਕਿਸੇ ਜ਼ਰੂਰੀ ਕੰਮ ਆਈ ਹੈਂ।

ਸਾਹਿਬ ਉਠ ਕੇ ਬਾਹਰ ਆ ਗਿਆ। ਪਰ ਵੇਖਕੇ ਹੈਰਾਨ ਹੋਇਆ ਕਿ ਕਮਲਾਵਤੀ ਦੀ ਥਾਂ ਕੋਈ ਹੋਰ ਮੁਟਿਆਰ ਹੈ ਤੇ ਹੈ ਵੀ ਉਹ ਹੈ ਜਿਸਦੀ ਤਸਵੀਰ ਦੇਖ ਦੇਖ ਕੇ ਸਾਹਬ ਰੋਜ਼ ਸੋਚਾਂ ਵਿਚ ਪੈ ਜਾਂਦਾ ਸੀ। ਮਿਸ ਵੀਨਾ !' ਸਾਹਬ ਦੀ ਜ਼ਬਾਨੋ ਨਿਕਲਿਆ।

'ਹਾਂ !' ਵੀਨਾ ਨੇ ਉੱਤਰ ਦਿੱਤਾ।

"ਕਿਵੇਂ ਆਈ! ਕੀ ਕੰਮ ਹੈ ?'

'ਤੇਰੀ ਜਾਨ ਲੈਣ ਵਾਸਤੇ ! ਤਾਂਕਿ ਮੇਰੇ ਇਨਾਮ ਦਾ ਰੁਪਿਆ ਤੈਨੂੰ ਮਿਲ ਜਾਏ !'

ਸਾਹਿਬ ਦੇ ਹੋਸ਼ ਉਡ ਗਏ। ਦੋ ਦਿਨ ਪਹਿਲਾਂ ਉਸ ਨੂੰ ਇੱਕ ਚਿਠੀ ਵੀ ਮਿਲੀ ਸੀ, ਜਿਸ ਵਿਚ ਉਸ ਦੀ ਜਾਨ ਲੈਣ ਦੀ ਧਮਕੀ ਸੀ, ਪਰ ਸਾਹਿਬ ਨੇ ਉਸ ਪੱਤਰ ਵਲ ਕੋਈ ਧਿਆਨ ਨਹੀਂ ਸੀ ਦਿੱਤਾ। ਸਾਹਬ ਉਸ ਵੇਲੇ ਨਿਹੱਥਾ ਸੀ। ਉਸ ਨੇ ਬਹਿਰੇ ਨੂੰ ਅਵਾਜ਼ ਹੀ ਦਿੱਤੀ ਸੀ ਕਿ ਕੁੜੀ ਨੇ ਧੋਤੀ ਦੇ ਪੱਲੇ ਹੇਠੋਂ ਪਸਤੌਲ ਕਢ ਕੇ ਦਬਾ-ਦਬ ਦੋ ਫੈਅਰ ਕਰ ਦਿੱਤੇ। ਸਾਹਬ ਧੜਮ ਕਰਦਾ ਮੂੰਹ ਭਾਰ ਫਰਸ਼ ਉਤੇ ਡਿਗ ਪਿਆ ਤੇ ਕੁੜੀ ਪਿਛਲੇ ਪੈਰੀਂ ਹਨੇਰੇ ਵਿੱਚ ਗੁੰਮ ਹੋ ਗਈ। ਪਸਤੌਲ ਚਲਣ ਦਾ ਖੜਕਾ ਸੁਣ ਕੇ ਜਦੋਂ ਮੇਮ, ਬਹਿਰਾ ਤੇ ਹੋਰ ਨੌਕਰ ਆਏ ਤਾਂ ਉਨ੍ਹਾਂ ਨੇ ਸਾਹਬ ਨੂੰ ਮਰਿਆ ਪਿਆ ਦੇਖਿਆ। ਕਾਤਲ ਦੀ ਖੋਜ ਵਿਚ ਨਸੇ ਭਜੇ ਪਰ ਕਾਤਲ ਦਾ ਕੋਈ ਪਤਾ ਨਾ ਲੱਗਾ ਕਿ ਉਹ ਕਿਧਰ ਗੁਮ ਹੋ ਗਿਆ। ਸਾਰੀ ਪੋਲੀਸ ਨੂੰ ਟੈਲੀਫੋਨ ਰਾਹੀਂ ਖਬਰ ਕਰ ਦਿਤੀ ਤੇ ਕਾਤਲ ਨੂੰ ਢੂੰਡਣ ਦਾ ਹੁਕਮ ਦਿੱਤਾ ਗਿਆ।

# ੬.

ਪੌਹ-ਫੁਟਨ ਤੋਂ ਪਹਿਲਾਂ ਬਾਬਾ ਜੀ ਭੈਰੋਂ ਮੰਦਰ ਦੇ ਅੱਗੇ ਥੜੇ ਉਤੇ ਚੌਂਕੜੀ ਮਾਰ ਕੇ ਬੈਠੇ ਸਨ ਕਿ ਉਨ੍ਹਾਂ ਦੇ ਚਰਨਾਂ ਉਤੇ ਇੱਕ ਮੁਟਿਆਰ ਨੇ ਆ ਮੱਥਾ ਟੇਕਿਆ। ਬਾਬਾ ਜੀ ਨੇ ਸ਼ੁਭ ਅਸੀਸ ਦੇਣ ਦੀ ਥਾਂ ਉਸ ਵਲ ਦੇਖਣਾ ਸ਼ੁਰੂ ਕੀਤਾ। ਅਠਾਰਾਂ ਉਨੀ ਸਾਲ ਦੀ ਸੁੰਦਰ ਮੁਟਿਆਰ। ਚੇਹਰੇ ਉਤੇ ਜੁਆਨੀ ਦੀ ਲਾਲੀ, ਅੱਖਾਂ ਵਿਚ ਨਿਡਰਤਾ। ਜੋਗੀਆ ਧੋਤੀ ਪਹਿਨੀ ਹੋਈ ਤੇ ਹੱਥ ਵਿਚ ਜੋਗੀਆਂ ਵਾਲਾ ਖੱਪਰ ਅਤੇ ਦੂਸਰੇ ਹੱਥ ਵਿਚ ਤ੍ਰਸੂਲ ਗਲ ਤੁਲਸੀ ਦੀ ਮਾਲਾ। ਦੋ ਤਿੰਨ ਵਾਰ ਧਿਆਨ ਨਾਲ ਦੇਖ ਕੇ ਬਾਬਾ ਜੀ ਨੇ ਪੁਛਿਆ, "ਦੇਵੀ ਕੌਣ ?"

"ਭਾਰਤ ਮਾਤਾ ਦੀ ਧੀ ! ਜੋ ਆਪਣੀ ਜਨਣੀ ਦੀ ਸੇਵਾ ਕਰਨਾ ਚਾਹੁੰਦੀ ਹੈ।"

"ਕਿਥੋਂ ?"

"ਦੂਰ ਤੋਂ।"

"ਕਿਧਰ ਆਈ ?"

"ਆਪ ਕੋਲੋਂ ਸ਼ੁਭ ਅਸ਼ੀਰਵਾਦ ਲੈਣ ਵਾਸਤੇ।

ਅਤੇ......!"

'ਅਤੇ ਕੀ ?'

"ਪਹਾੜੀ ਸ਼ੇਰ ਬਾਗ਼ੀ ਸੁੰਦਰੀ ਨੂੰ ਮਿਲਣ ਵਾਸਤੇ। ਕਿਉਂਕਿ ਉਨ੍ਹਾਂ ਦੇ ਸਾਥ ਰਲ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹਾਂ।"

"ਉਹ ਕੌਣ ਹਨ।"

"ਹੈਂ! ਉਹ ਕੌਣ ਹਨ! ਆਪ ਨੂੰ ਨਹੀਂ ਪਤਾ।"

"ਨਹੀਂ! ਮੈਂ ਇੱਕ ਸਾਧੂ ਹਾਂ। ਭੈਰੋਂ ਦੇ ਮੰਦਰ ਦੀ ਸੇਵਾ ਕਰਨ ਵਾਲਾ। ਰਾਜ ਕਾਜ ਦੇ ਜੁਗ-ਗਰਦੀ ਦੇ ਗਿਆਨ ਤੋਂ ਕੋਰਾ।"

"ਆਪ ਅਮ੍ਰੀਕਾ ਵਿਚੋਂ ਆਏ ਜੇ ਤੇ ਉਥੇ ਹੀ ਸੰਨਿਆਸ ਧਾਰਨ ਕੀਤਾ ਸੀ ?"

ਬਾਬਾ ਜੀ ਮੁੜ ਮੁਟਿਆਰ ਦੇ ਚੇਹਰੇ ਵਲ ਦੇਖਣ ਲਗ ਪਏ। ਉਨ੍ਹਾਂ ਨੇ ਪਹਿਲਾਂ ਜਾਤਾ ਕੋਈ ਸਰਕਾਰੀ ਜਾਸੂਸ ਹੈ। ਗਲ ਬਾਤ ਐਸੀ ਸੀ ਜੋ ਬਾਬੇ ਦੀ ਪਾਰਟੀ ਦੇ ਆਦਮੀ ਹੀ ਕਰ ਸਕਦੇ ਸਨ ਤੇ ਜੋ ਨਿਸ਼ਾਨੀ ਸੀ ਬਾਬੇ ਕੋਲ ਆਕੇ ਗਲ ਬਾਤ ਕਰਨ ਦੀ।

"ਪੁੱਤਰੀ! ਕਿਸ ਨੂੰ ਜਾਣਦੀ ਹੈਂ ?"

"ਜੀਵਨ ਮੂਰਤੀ ਨੇ ਮੈਨੂੰ ਦੇਖਿਆ ਏ।"

ਉਸ ਦੇ ਨਾਲ ਇੱਕ ਕੁੜੀ ਕੁਸ਼ਲਿਆ ਸੀ। ਉਸ ਦਿਨ, ਜਿਸ ਦਿਨੇ ਰਾਮ ਪ੍ਰਸਾਦਿ ਦੇ ਬੰਗਲੇ ਗੋਲੀ ਚਲੀ ਸੀ।'

"ਕੋਈ ਬਹਾਦਰੀ।"

"ਜੀ ਮੈਂ ਮਿਸਟਰ ਮੇਕਨੀ ਨੂੰ ਮਾਰ ਕੇ ਆ ਰਹੀ ਆਂ।"

''ਮੇਕਨੀ ਜ਼ਾਲਮ ਨੂੰ ਮਾਰ ਦਿੱਤਾ?"

'ਹਾਂ ਜੀ!'

"ਸ਼ਾਬਾਸ਼ ਪੁੱਤਰੀ ਸ਼ਾਬਾਸ਼!! ਏਸੇ ਕਸਾਈ ਦੀ ਦੀ ਰੀਪੋਰਟ ਤੇ ਸਰਦਾਰ ਕਰਤਾਰ ਸਿੰਘ ਸਰਾਭਾ ਫਾਂਸੀ ਲਟਕ ਗਏ ਸਨ। ਚੰਗਾ ਹੋ ਗਿਆ ਬਹੁਤ ਚੰਗਾ!

'ਕਿਵੇਂ ਮਾਰਿਆ?'

ਪਸਤੌਲ ਕਢ ਕੇ, 'ਇਸ ਨਾਲ! ਇਹ ਹੁਣ ਆਪ ਦੀ ਭੇਟਾ ਹੈ। ਜਿਵੇਂ ਅਗਿਆ ਕਰੋ। ਤਿਵੇਂ ਆਪ ਦੀ ਬੱਚੀ ਕਰੇਗੀ!"

"ਬੇਟੀ ਤੈਨੂੰ ਭੁਲੇਖਾ ਲੱਗਾ ਏ। ਜਿਸ ਪਹਾੜੀ ਸ਼ੇਰ ਨੂੰ ਤੂੰ ਮਿਲਣ ਵਾਸਤੇ ਆਈ ਏਂ, ਉਸ ਦਾ ਮੈਨੂੰ ਪਤਾ ਨਹੀਂ। ਨਾ ਮੈਂ ਨਾਂ ਸੁਣਿਆ ਏ।"

'ਜਿਸ ਭੈ ਦੇ ਕਾਰਨ ਪਿਤਾ ਜੀ ਆਪ ਇਹ ਕੁਝ ਕਹਿ ਰਹੇ ਹੋ, ਉਹ ਡਰ ਏਥੇ ਨਹੀਂ। ਇਹ ਲਵੋ ਨਿਸ਼ਾਨੀ।'

ਇਨ੍ਹਾਂ ਆਖਕੇ ਦੋਹਾਂ ਛਾਤੀਆਂ ਦੇ ਵਿਚਾਲੇ ਬੰਡੀ ਦੀ ਜੇਬ੍ਹ ਵਿਚੋਂ ਕਢਕੇ ਇੱਕ ਰੁਮਾਲ ਬਾਬਾ ਜੀ ਨੂੰ ਦੇ ਦਿਤਾ। ਜਿਸ ਉਤੇ "ਇੰਨਕਲਾਬ" ਸ਼ਬਦ ਅੰਗ੍ਰੇਜ਼ੀ ਵਿਚ ਲਿਖਿਆ ਹੋਇਆ ਸੀ ਤੇ ਨਾਲ ਹੀ ਬਲ ਰਹੀ ਮਿਸਾਲ ਦਾ ਨਿਸ਼ਾਨ ਸੀ।

'ਇਹ ਕਿੱਥੋਂ ਪ੍ਰਾਪਤ ਹੋਇਆ?'

'ਜਨ ਤੋਂ।'

'ਉਹ ਕਿੱਥੇ ਹੈ ?'

'ਗਿਆ ਲਾਹੌਰ ! ਆਪ ਦੀ ਆਗਿਆ ਦਾ ਪਾਲਣ ਕਰਨ।'

"ਕਦੋਂ ਤੋਂ ਜਾਣੂ ?"

"ਅਸੀਂ ਇਕੱਠੇ ਕਲਕਤੇ ਪੜ੍ਹਦੇ ਰਹੇ ਹਾਂ। ਤੇ ਇੱਕਠੇ ਹੀ ਬੰਗਾਲ ਇੰਨਕਲਾਬੀ ਪਾਰਟੀ ਦੇ ਸੇਵਕ ਸਾਂ।"

ਬਾਬਾ ਜੀ ਨੂੰ ਹੁਣ ਭਰੋਸਾ ਹੋ ਗਿਆ ਕਿ ਮੁਟਿਆਰ ਅੰਗ੍ਰੇਜ਼ ਸਰਕਾਰ ਦੀ ਜਾਸੂਸ ਨਹੀਂ ਸਗੋਂ ਬਾਬੇ ਦੀ ਸੈਨਾ ਦੀ ਇੱਕ ਸੇਵਕਾ ਹੈ।

ਉਸੇ ਵੇਲੇ ਹੀ ਬਾਬਾ ਜੀ ਆਪਣੇ ਆਸਣ ਤੋਂ ਉੱਠ ਬੈਠੇ ਤੇ ਗੁਪਤ ਅਸਥਾਨ ਵਲ ਵੀਨਾ ਨੂੰ ਲੈ ਤੁਰੇ।

ਜੀਵਨ ਵਿਚ ਕਿੰਨਾ ਇੰਨਕਲਾਬ ! ਇਕ ਪੁਲੀਸ ਕਪਤਾਨ ਦੀ ਭੈਣ ! ਕੁਆਰੀ, ਬੀ.ਏ. ਪੜ੍ਹੀ ਲਿਖੀ, ਅਮੀਰ ਮਾਪਿਆਂ ਦੀ ਜਾਈ। ਜੀਵਨ ਦੇ ਸਾਰੇ ਸੁਖ ਛੱਡ ਕੇ ਵਤਨ ਸੇਵਾ ਵਾਸਤੇ ਨਿਕਲੀ। ਵਤਨ ਸੇਵਾ ਦਾ ਰਾਹ ਵੀ ਖਤਰਿਆਂ ਭਰਿਆ। ਪੈਰ ਪੈਰ ਤੇ ਮੌਤ ਦੇ ਪੜਾਅ, ਕੈਦ ਦੇ ਪੱਥਰ ਬਕੇਵੇਂ ਤੇ ਨੀਂਦਰੇ ਦੀਆਂ ਮੰਜਲਾਂ ! ਕਿੰਨਾ ਤਿਆਗ ! ਕਿੰਨੀ ਕੁਰਬਾਨੀ ਹੈ।

—o—

# ੭.

ਦੁਨੀਆਂ! ਇੱਕ ਨਿਰਾਲੀ ਖੇਡ ਹੈ। ਜਾਦੂ ਦਾ ਗੋਲਾ ਹੈ। ਇੱਸ ਵਿੱਚ ਵਸਣ ਵਾਲੇ ਲੋਕ ਅਲਾਦੀਨ ਦੇ ਲੈਂਪ ਨਾਲੋਂ ਵੀ ਬਹੁਤੇ ਭੇਦ ਭਰੇ ਹਨ। ਕੁਝ ਪਤਾ ਨਹੀਂ ਲਗਾ। ਇਸ਼ਕ...ਪ੍ਰੇਮ...ਪ੍ਰੀਤ...ਪਿਆਰ...ਇਹ ਚਾਰੇ ਸ਼ਬਦਾਂ ਦਾ ਅਰਥ ਇਕੋ ਹੈ। ਏਹੋ ਚੀਜ਼ ਮਾਨੁੱਖ ਨੂੰ ਜੀਊਂਦਿਆਂ ਰੱਖਦੀ ਹੈ। ਇਹ ਜੀਵਨ ਦਾ ਮੂਲ ਹੈ ਪਰ ਇਹ ਹੁੰਦਾ ਕਈ ਤਰ੍ਹਾਂ ਦਾ ਤੇ ਬੜਾ ਭੁਲ-ਭੁਲਾਣੀਆਂ ਵਰਗਾ। ਪਿਆਰ ਦੇ ਕਿੱਸੇ ਸੁਣ ਕੇ ਆਪ ਲੋਕ ਦੰਗ ਰਹਿ ਜਾਂਦੇ ਨੇ। ਸਾਰਾ ਜਗਤ ਪਿਆਰ ਆਸਰੇ ਹੀ ਬਣਿਆ ਹੈ ਤੇ ਅੱਗੇ ਨੂੰ ਇਸ ਵਿੱਚ ਚੰਗੇ ਵਾਧੇ ਹੁੰਦੇ ਰਹਿਣਗੇ।

ਬਾਬਾ ਜੀ ਵਤਨ ਦੇ ਪ੍ਰੇਮੀ ਸਨ। ਉਹ ਆਪਣੇ ਦੇਸ਼ ਨੂੰ ਗੁਲਾਮ ਨਹੀਂ ਸਨ ਰਹਿਣ ਦੇਣਾ ਚਾਹੁੰਦੇ। ਪੰਦਰਾਂ ਸਾਲ ਦੀ ਉਮਰ ਵਿਚ ਅਮ੍ਰੀਕਾ ਗਏ। ਪੰਜ ਸਾਲ ਉਥੇ ਰਹੇ ਤਾਂ ਉਥੇ ਦੇਸ਼ ਆਜ਼ਾਦ ਕਰਾਉਣ ਦੀ ਲਹਿਰ ਚਲ ਪਈ। ਉਸ ਲਹਿਰ ਨੂੰ ਚਲਾਉਣ ਵਾਲੇ ਦਲ ਦਾ ਨਾਂ ਸੀ 'ਗ਼ਦਰ ਪਾਰਟੀ' ਬਸ ਉਸ ਦੇ ਮੈਂਬਰ ਬਣ ਗਏ। ਜਦੋਂ ਬਾਬਾ ਗੁਰਦਿੱਤ ਸਿੰਘ ਦਾ

ਜਹਾਜ਼ ਕਨੇਡੇ ਤੋਂ ਵਾਪਸ ਆਇਆ ਤਾਂ ਉਸ ਵਿਚ ਚੜ੍ਹਕੇ ਹਿੰਦੁਸਤਾਨ ਨੂੰ ਆਏ।

ਅੰਗ੍ਰੇਜ਼ ਨੌਕਰ ਸ਼ਾਹੀ ਨੇ ਡਮ ਡਮ ਘਾਟ ਦੇ ਉੱਤੇ ਨਿਹੱਥੇ ਤੇ ਨਿਰਦੋਸ਼ੇ ਭਾਰਤੀਆਂ ਉਤੇ ਤੋਪ ਤੇ ਬੰਦੂਕ ਦਾ ਵਾਰ ਕਰਕੇ ਉਨ੍ਹਾਂ ਨੂੰ ਸ਼ਹੀਦ ਕੀਤਾ। ਜਿੰਨੇ ਜਹਾਜ਼ ਵਿਚੋਂ ਬਚੇ ਉਨ੍ਹਾਂ ਨੂੰ 'ਬਾਗ਼ੀ' ਤੇ 'ਦੇਸ਼ ਧ੍ਰੋਹੀ' ਆਖਕੇ ਜੇਹਲਾਂ ਵਿੱਚ ਸੁਟ ਦਿੱਤਾ। ਉਨ੍ਹਾਂ ਜੇਹਲ ਯਾਤਰੂਆਂ ਵਿਚ ਬਾਬਾ ਜੀ ਵੀ ਸਨ। ਪਰ ਆਪਣੀ ਅਕਲ ਤੇ ਬਹਾਦਰੀ ਦੇ ਤਾਣ ਇਹ ਜੇਹਲ ਵਿੱਚੋਂ ਭਜ ਨਿਕਲੇ ਤੇ ਗੁਪਤ ਰਹਿ ਕੇ ਵਤਨ ਦੀ ਸੇਵਾ ਕਰਨ ਲਗੇ। ਜੁਆਨੀ ਤੋਂ ਬੁਢੇਪਾ ਆ ਗਿਆ, ਪਰ ਵਤਨ ਆਜ਼ਾਦ ਦੇਖਣ ਦੀ ਭੁਖ ਤੇ ਲਗਨ ਨਾ ਕੰਮ ਹੋਈ। ਫਰਹਾਦ ਨੇ ਸ਼ੀਰੀ ਬਦਲੇ ਪਹਾੜ ਚੀਰਿਆ ਸੀ। ਹੀਰ ਬਦਲੇ ਰਾਂਝੇ ਨੇ ਕੰਨ ਪੜਵਾਏ ਸਨ। ਇਸ ਆਜ਼ਾਦੀ ਦੇ ਆਸ਼ਕ ਨੇ ਸਾਰਾ ਜੀਵਨ ਹੀ ਆਜ਼ਾਦੀ ਦੀ ਭੇਟ ਕਰ ਦਿੱਤਾ। ਨਾ ਮਾਂ ਬਾਪ ਦੀ ਸੁਰਤ ਲਈ ਨਾ ਧਨ ਇਕਠਾ ਕਰਕੇ ਵਿਆਹ ਕਰਾਉਣ ਦੀ ਚੇਸ਼ਟਾ ਕੀਤੀ। ਜੁਆਨੀ ਧਨ ਅਤੇ ਮਨ ਵਤਨ ਹਵਾਲੇ ਕਰ ਦਿੱਤਾ। ਬਬਰ-ਅਕਾਲੀ ਲਹਿਰ ਨੂੰ ਚਲਾਇਆ। ਕਈਆਂ ਟੋਡੀਆਂ, ਚੁਗਲਾਂ ਤੇ ਵਾਹਦਾ-ਮੁਆਫ਼ ਗਵਾਹਾਂ ਨੂੰ ਸੋਧਿਆ। ਨੌਕਰ ਸ਼ਾਹੀ ਦੇ ਕਈ ਪੁਰਜੇ ਗਾਲੇ ਤੇ ਤੋੜੇ......ਹੁਣ ਏਹੋ ਹੀ 'ਪਹਾੜੀ ਸ਼ੇਰ' ਦੇ ਨਾਂ ਹੇਠ ਜ਼ਿਲ੍ਹਾ ਹੁਸ਼ਿਆਰਪੁਰ, ਜਲੰਧਰ ਤੇ ਲੁਧਿਆਨੇ ਦੇ ਅਫਸਰਾਂ ਨੂੰ ਸੋਧ ਰਿਹਾ ਹੈ। ਆਪ ਭਾਵੇਂ ਹੁਣ ਬਹੁਤਾ ਕੰਮ ਨਹੀਂ ਕਰ ਸਕਦਾ।

ਪਰ ਆਪਣੇ ਸੇਵਕਾਂ ਕੋਲੋਂ ਵਤਨ ਸੇਵਾ ਲਈ ਜਾ ਰਹੇ ਹਨ। ਆਪ ਇੱਕ ਜਰਨੈਲ ਹਨ। ਗੁਰਮੁਖੀ ਤੋਂ ਬਿਨਾ ਕੁਝ ਲਿਖ ਪੜ੍ਹ ਨਹੀਂ ਸਕਦੇ, ਪਰ ਸਮਝ ਬਹੁਤ ਹੈ। ਇੰਨਕਲਾਬ ਦਾ ਬੜਾ ਗਿਆਨ ਹੈ।

ਰਾਤ ਦੇ ਦਸ ਵਜੇ ਦਾ ਵੇਲਾ ਸੀ। ਮੰਦਰ ਦੀ ਥਾਂ ਪਹਾੜ ਦੀ ਗੁਫਾ ਵਿੱਚ ਬਾਬੇ ਦੇ ਸ਼ਹੀਦੀ ਦਲ ਦਾ ਇੱਕਠ ਸੀ। ਉਹ ਗੁਫਾ ਕੋਈ ਪੰਜ ਸੌ ਫੁਟ ਲੰਮੀ ਤੇ ਪੰਜਾਹ ਫੁਟ ਤੋਂ ਬਹੁਤੀ ਚੌੜੀ ਸੀ। ਮੋਮ-ਬੱਤੀਆਂ ਬਾਲਕੇ ਉਸ ਵਿਚ ਰੋਸ਼ਨੀ ਕੀਤੀ ਹੋਈ ਸੀ। ਇੱਕ ਵਾਰਲੱਸ ਸੈਟ ਸਮੇਤ ਲੜਾਈ ਦਾ ਬਹੁਤ ਸਾਰਾ ਸਾਮਾਨ ਸੀ ਤੇ ਵੀਹ ਗਭਰੂ ਉਥੇ ਵਤਨ ਦੇ ਸੇਵਕ ਸਨ। ਉਨ੍ਹਾਂ ਵਿੱਚ ਤਿੰਨ ਲੜਕੀਆਂ ਸਨ। ਸ਼ਕੁੰਤਲਾ, ਵੀਰਾਂ ਤੇ ਵੀਨਾ ਉਨ੍ਹਾਂ ਦਾ ਹੌਂਸਲਾ ਤੇ ਲਿਬਾਸ ਮਰਦਾਂ ਵਰਗਾ ਸੀ। ਉਹ ਵੀ ਅਨਦਾਹੜੀਏ-ਗਭਰੂ ਹੀ ਪ੍ਰਤੀਤ ਹੁੰਦੇ ਸਨ।

ਵਿਚਕਾਰ ਬਾਬਾ ਜੀ ਬੈਠੇ ਹੋਏ ਸੀ ਤੇ ਚੌਗਿਰਦੇ ਗਭਰੂ। ਬੜੀ ਉਚੇਚੀ ਇੱਕਤ੍ਰਤਾ ਸੀ, ਲੜਾਈ ਦੀ ਪਾਲਸੀ ਦਾ ਸਵਾਲ ਸੀ। ਨਾਲ ਹੀ ਇਹ ਸਵਾਲ ਸੀ ਕਿ ਹਿੰਦੁਸਤਾਨ ਕਿਵੇਂ ਆਜ਼ਾਦ ਹੋ ਸਕਦਾ ਹੈ? ਕੀ ਇੱਕੜ-ਦੁਕੜ ਖੂਨ ਖਰਾਬੇ ਨਾਲ ਜਾਂ ਜਨਤਾ ਵਿਚ ਪ੍ਰਚਾਰ ਕਰਨ ਨਾਲ।

ਬਾਬਾ ਜੀ ਨੇ ਆਪਣੀ ਤਕਰੀਰ ਵਿਚ ਪਹਿਲਾਂ ਤਾਂ ਸਾਰਿਆਂ ਦੇ ਕੰਮਾਂ ਦੀ ਉਪਮਾਂ ਕੀਤੀ ਫਿਰ ਆਖਣ ਲੱਗੇ:— ਜਿਸ ਅਗ ਨਾਲ ਅਸੀਂ ਖੇਡਦੇ ਰਹੇ ਹਾਂ, ਹੁਣ ਉਸਦੇ ਖੇਡਣ ਦਾ ਸਮਾਂ ਕੁਝ ਟੱਪ ਗਿਆ ਜਾਪਦਾ ਏ। ਸਾਡਾ ਮਨੋਰਥ ਸੀ,

ਗੁਲਾਮ ਜਨਤਾ ਜੋ ਅੰਗਰੇਜ਼ ਦੇ ਡਰ ਨਾਲ ਸੁਤੀ ਤੇ ਕਮਜ਼ੋਰ ਹੋਈ ਹੋਈ ਆਜ਼ਾਦੀ ਦਾ ਅਹਿਸਾਸ ਭੁਲ ਗਈ ਹੈ। ਉਹ ਮੁੜ ਚੇਤੇ ਕਰਾਇਆ ਜਾਏ। ਜਾਗਰਤਾ ਲਿਆਂਦੀ ਜਾਏ ੧੯੦੫ ਤੋਂ ੧੪੨੯ ਤੱਕ ਪੂਰੇ ਪੰਜੀ ਸਾਲ ਹੋ ਗਏ ਨੇ। ਦੇਸ਼ ਵਿਚ ਜਾਗਰਤਾ ਹੈ। ਕਿਸਾਨ, ਮਜ਼ਦੂਰ, ਕਲਰਕ ਤੇ ਸੁਦਾਗਰ...ਏਥੋਂ ਤਕ ਕਿ ਰਾਜੇ ਮਹਾਰਾਜੇ ਵੀ ਅੰਗਰੇਜ਼ ਗ਼ੁਲਾਮੀ ਨੂੰ ਘਿਰਨਾ ਦੀ ਨਿਗਾਹ ਨਾਲ ਦੇਖਣ ਲਗ ਪਏ ਹਨ।......ਜਾਗੀ ਜਨਤਾ ਦੀ ਫਤਹ ਹੁੰਦੀ ਹੈ। ਅੰਗਰੇਜ਼ਦੀ ਸਖਤੀ ਕਮਜ਼ੋਰ ਹੋ ਰਹੀ ਹੈ।...ਇਸ ਵੇਲੇ ਮੇਰਾ ਵਿਚਾਰ ਹੈ ਕਿ ਅਸੀਂ ਇੱਕੜ-ਦੁਕੜ ਕਤਲਾਂ ਦਾ ਕਰਨਾ ਛੱਡ ਦਈਏ ਤੇ ਲੋਕਾਂ ਵਿੱਚ ਫਿਰ ਕੇ ਪ੍ਰਚਾਰ ਕਰੀਏ। ਲੁਕ ਕੇ ਅਸੀਂ ਐਨੀ ਫੌਜ ਨਹੀਂ ਬਣਾ ਸਕਦੇ ਜਿਨੀ ਕਿ ਅਜ਼ਾਦੀ ਜੰਗ ਵਾਸਤੇ ਚਾਹੀਦੀ ਹੈ। ਸ: ਭਗਤ ਸਿੰਘ ਗ੍ਰਿਫਤਾਰ ਹੈ। ਜ਼ਰੂਰੀ ਹੈ, ਅੰਗਰੇਜ਼ ਉਸ ਨੂੰ ਫਾਂਸੀ ਲਟਕਾ ਦੇਵੇ। ਉਸ ਨਿਡਰ ਇੰਨਕਲਾਬੀ ਦੀ ਯਾਦ ਭਾਰਤੀਆਂ ਦੇ ਦਿਲਾਂ ਵਿਚ ਸਦਾ ਅਮਰ ਰਹੇਗੀ।........ਦਸੋ ਕੀ ਵਿਚਾਰ ਹੈ।"

ਸਾਰੇ ਚੁੱਪ ਰਹੇ। ਧੌਣਾ ਨੀਵੀਆਂ ਪਾ ਲਈ ਆਪਣੇ ਬਜ਼ੁਰਗ ਆਗੂ ਅੱਗੇ ਕੀ ਉੱਤਰ ਦੇਣ। ਪੰਜ ਕੁ ਮਿੰਟ ਦੀ ਚੁੱਪ ਪਿਛੋਂ 'ਬਾਗ਼ੀ ਸੁੰਦਰੀ' ਕੁਸ਼ਲਿਆ ਬੋਲੀ, "ਪਿਤਾ ਜੀ ਦੀ ਜੋ ਆਗਿਆ ਹੋਵੇ ਅਸੀਂ ਮੰਨਣ ਨੂੰ ਤਿਆਰ ਹਾਂ, ਪਰ ਚਾਰ ਪਾਪੀ ਤੇ ਦੁਰਾਚਾਰੀ ਹੋਰ ਹਨ ਜਿਨ੍ਹਾਂ ਨੂੰ ਮਾਰ ਮਕੌਣ ਵਿਚ ਦੇਸ਼ ਦਾ ਭਲਾ ਹੈ।'

ਬਾਬਾ—"ਪੁਤਰੀ ਠੀਕ ਹੈ। ਪਰ ਸਾਡੇ ਇਸ ਟਿਕਾਣੇ ਦਾ ਦੁਸ਼ਮਨ ਨੂੰ ਪਤਾ ਲਗ ਚੁਕਾ ਹੈ। ਸਾਧੂ ਤੇ ਕੰਗਲਿਆਂ ਦੇ ਭੇਸ ਵਿਚ ਖੁਫੀਆ ਪੋਲੀਸ ਦੇ ਆਦਮੀ ਨਕਸ਼ੇ ਲੈ ਗਏ ਨੇ। ਹੋ ਸਕਦਾ ਹੈ। ਅਜ ਭਲਕ ਇਸ ਥਾਂ ਨੂੰ ਫੌਜ ਘੇਰ ਲਵੇ।'

ਕੁਸ਼ਲਿਆ, 'ਕੀ ਫਿਰ ਰਾਮ ਪ੍ਰਸਾਦ ਦੇ ਖ਼ੂਨ ਨੂੰ ਮੈਂ ਬੁਲ੍ਹਾਂ ਨਾਲ ਨਹੀਂ ਲਾ ਸਕਾਂਗੀ। ਉਸ ਨੇ ਮੇਰੇ ਵੀਰਾਂ ਤੇ ਮੇਰੇ ਬਾਪ ਦੇ ਖ਼ੂਨ ਨੂੰ ਧਰਤੀ ਤੇ ਬੇ-ਲੋੜਾ ਡੋਲ੍ਹਿਆ ਹੈ।'

ਦੋ ਗਭਰੂ--'ਤੇਰੀ ਮੁਰਾਦ ਪੂਰੀ ਹੋ ਜਾਏਗੀ। ਉਸ ਕਸਾਈ ਨੂੰ ਛੇਤੀ ਹੀ ਕਤਲ ਕੀਤਾ ਜਾਏਗਾ।'

ਬਾਬਾ—'ਪੁੱਤਰੋ, ਇਹ ਫਿਰ ਸੋਚਾਂਗੇ ! ਪਹਿਲਾਂ ਨਵੀਂ ਸਕੀਮ ਤੇ ਨਵੇਂ ਟਕਾਣੇ ਬਾਰੇ ਸੋਚੋ। ਜੇ ਮਾਰੇ ਗਏ, ਤਦ ਵੀ ਦੇਸ਼ ਨੂੰ ਨੁਕਸਾਨ ਜੇ। ਕੈਦ ਹੋ ਗਏ ਤਦ ਵੀ ਘਾਟਾ। ਆਪਣੀ ਇਸ ਇੰਨਕਲਾਬੀ ਮੰਡਲੀ ਵਿਚ ਕਈ ਚੰਗੇ ਚੰਗੇ ਦਿਮਾਗ ਹਨ। ਕੀਮਤੀ ਲੀਡਰ ਹਨ।'

ਵੀਨਾ—"ਮੇਰੀ ਤਾਂ ਸਲਾਹ ਹੈ ਕਿ ਹੁਣ ਖ਼ੂਨ ਖਰਾਬੇ ਦੀ ਪਾਲਸੀ ਦਾ ਤਿਆਗ ਕਰਕੇ, ਦੇਸ਼ ਦੇ ਗਰੀਬਾਂ ਨੂੰ ਜੱਥੇ ਬੰਦ ਕਰੀਏ। ਜੇ ਅਜ਼ਾਦੀ ਮਿਲੀ ਵੀ ਤਾਂ ਦੇਸ਼ ਦਾ ਚਲਾਕ ਸਰਮਾਏਦਾਰ ਉਸ ਨੂੰ ਵਿੰਗੇ-ਟੇਢੇ ਢੰਗ ਨਾਲ ਖੁਦ ਹਜ਼ਮ ਕਰਮ ਦਾ ਯਤਨ ਕਰੇਗਾ, ਪਲੇ ਕੁਝ ਨਹੀਂ ਪੈਣਾ।"

ਦੂਸਰਿਆਂ ਵਲ ਦੇਖਕੇ ਬਾਬਾ ਜੀ ਨੇ ਪੁਛਿਆ, 'ਕਿਉਂ ਭਈ ਦਸੋ ? ਵਕਤ ਨਾ ਗਵਾਓ ! ਛੇਤੀ ਕਰੋ।

'ਰਾਮ ਪ੍ਰਸਾਦਿ ਨੂੰ ਮਾਰਨ ਦੀ ਖੁਲ੍ਹ ਦੇ ਦਿਓ। ਅਗੇ

ਤੋਂ ਖ਼ੂਨ ਖਰਾਬੇ ਨੂੰ ਤਿਆਗ ਦਿੱਤਾ ਜਾਏਗਾ।' ਕੁਸ਼ਲਿਆ ਤੇ ਦੋ ਹੋਰ ਨੌ ਜੁਆਨਾ ਨੇ ਮੰਗ ਕੀਤੀ।

"ਚੰਗਾ! ਇਹ ਆਗਿਆ ਦਿਤੀ ਹੈ, ਪਰ ਏਥੋਂ ਟਕਾਣਾ ਜ਼ਰੂਰ ਬਦਲ ਲਵੋ।' ਬਾਬਾ ਜੀ ਨੇ ਉੱਤਰ ਦਿਤਾ।

"ਕਿਥੇ ਚਲੀਏ?"

"ਮੇਰਾ ਖਿਆਲ ਹੈ ਕਿ ਡੇਹਰੇ ਦੇ ਦੂਸਰੇ ਪਾਸੇ ਕਿਤੇ ਦੂਰ ਚਲੀਏ।"

"ਕੋਈ ਟਕਾਣਾ ਦੇਖਿਆ ਹੈ?"

'ਹਾਂ! ਇੱਕ ਪੁਰਾਤਨ ਮੰਦਰ ਹੈ। ਬੜੀ ਡਰਾਉਣੀ ਥਾਂ,ਪਰਬਤ ਦੀ ਚੋਟੀ ਉਤੇ। ਉਥੇ ਦੁਸ਼ਮਨ ਨਹੀਂ ਪੁੱਜ ਸਕਦਾ ਜੇ ਪੁੱਜੇ ਤਾਂ ਉਸ ਨੂੰ ਖਤਰਾ ਹੈ ਤੇ ਸਾਨੂੰ ਨਸਣ ਵਾਸਤੇ ਕਈ ਰਾਹ ਹਨ।'

'ਏਹੋ ਜਹੀ ਥਾਂ ਚਲੋ ਚਲੋ।'

'ਚੰਗਾ! ਫਿਰ...ਜਨ, ਜੀਵਨ ਮੂਰਤੀ ਤੇ ਕੁਸ਼ਲਿਆ ਤਾਂ ਰਾਤ ਨੂੰ ਜਾਣ ਤੇ ਰਾਮ ਪ੍ਰਸਾਦ ਨੂੰ ਕਤਲ ਕਰਕੇ ਆਉਣ ਅਤੇ ਬਾਕੀ ਦੇ ਸਜਨ ਸਾਰਾ ਸਾਮਾਨ ਰਾਤ ਰਾਤ ਢੋ ਕੇ ਨਵੇਂ ਟਿਕਾਣੇ ਪੁੱਜਣ! ਪਤਾ ਕੋਈ ਨਹੀਂ ਦਿਨ ਚੜ੍ਹਦੇ ਨੂੰ ਦੁਸ਼ਮਨ ਏਥੇ ਆ ਪੁੱਜੇ।'

"ਆਏ ਦੁਸ਼ਮਨ ਨੂੰ ਸੁਵਾਦ ਤਾਂ ਚਖਾਉਣਾ ਚਾਹੀਏ ਨਾ।" ਇਕ ਗਭਰੂ ਬੋਲਿਆ।

'ਕਿਵੇਂ?' ਦੂਸਰੇ ਦਾ ਸਵਾਲ ਸੀ।

'ਦੋ ਚਾਰ ਗੋਲੇ ਮਾਰਕੇ!'

'ਚੰਗਾ ! ਤੁਸੀਂ ਸਾਰੇ ਚਲੋ। ਬਾਬਾ ਜੀ ਨੂੰ ਨਾਲ ਲੈ ਜਾਓ, ਮੈਂ ਤੇ ਵੀਨਾਂ ਇਸ ਕੰਮ ਵਾਸਤੇ ਪਿਛੇ ਰਹਿੰਦੇ ਆਂ। ਪਛਲੇ ਪਿੰਡਾਂ ਦੀ ਘਾਟੀ ਤੋਂ ਅਗੇ ਜਿਹੜਾ ਖਡ ਦਾ ਪੋੜ ਹੈ। ਉਥੇ ਬੈਠ ਕੇ ਆਏ ਦੁਸ਼ਮਨਾਂ ਉਤੇ ਵਾਰ ਕਰਾਂਗੇ।' ਇਸ ਜ਼ਿਤਵੀਜ਼ ਨੂੰ ਪੇਸ਼ ਕਰਨ ਵਾਲਾ ਗਭਰੂ ਬੋਲਿਆ।

ਵੀਨਾ ਨੇ ਵੀ ਇਸ ਮਤੇ ਦੀ ਪ੍ਰਵਾਨਗੀ ਦੇ ਦਿਤੀ। ਇਸ ਫੈਸਲੇ ਦੇ ਨਾਲ ਹੀ ਉਸ ਇਕਤ੍ਰਤਾ ਦਾ ਅੰਤ ਹੋਗਿਆ।

ਉਸ ਵੇਲੇ ਕੁਸ਼ਲਿਆ ਤੇ ਉਸ ਦੇ ਸਾਥੀ ਹੁਸ਼ਿਆਰ ਪੁਰ ਨੂੰ ਤੁਰ ਗਏ ਤੇ ਵੀਨਾ ਤੇ ਮਨ ਆ ਰਹੇ ਦੁਸ਼ਮਨ ਨੂੰ ਜੀ ਆਇਆਂ ਆਖਣ ਵਾਸਤੇ ਚਲ ਪਏ। ਇਨ੍ਹਾਂ ਕੋਲ ਬੰਬ ਸਨ। ਬਾਕੀ ਦਲ ਦੇ ਮੈਂਬਰ ਗੁਫਾ ਨੂੰ ਖਾਲੀ ਕਰਨ ਲੱਗੇ।

—o—

# ੮.

ਕੁਸ਼ਲਿਆ, ਜ਼ਿਲਾ ਹੁਸ਼ਿਆਰ ਪੁਰ ਦੇ ਇੱਕ ਦੇਸ਼ ਭਗਤ ਦੀ ਇਕਲੌਤੀ ਬੇਟੀ ਸੀ। ਦਸਵੀਂ ਦਾ ਇਮਤਿਹਾਨ ਦਿੱਤਾ ਹੀ ਸੀ ਕਿ ਉਸ ਦੇ ਪਿਤਾ ਜੀ ਸ਼ਹੀਦ ਹੋ ਗਏ। ਬਾਪ ਦੀ ਲੋਥ ਦੇ ਕੋਲ ਖਲੋ ਕੇ ਉਸ ਨੇ ਪ੍ਰਣ ਕੀਤਾ ਕਿ ਉਹ ਦੇਸ਼ ਦੀ ਸੇਵਾ ਕਰੇਗੀ। ਅੰਗ੍ਰੇਜ਼ ਅਤੇ ਉਸ ਦੇ ਮਿਠੂਆਂ ਕੋਲੋਂ ਆਪਣੇ ਬਾਪ ਦੇ ਖ਼ੂਨ ਦਾ ਬਦਲਾ ਲਵੇਗੀ। ਇੱਕ ਖ਼ੂਨ ਵਦਲੇ ਘਟ ਤੋਂ ਘਟ ਵੀਹ ਖ਼ੂਨ ਜ਼ਰੂਰ ਕਰੇਗੀ।

ਕੁਸ਼ਲਿਆ ਅਜੇ ਉਨੀ ਸਾਲ ਦੀ ਨਹੀਂ ਸੀ ਹੋਈ। ਕਦ ਲੰਮਾ ਅਤੇ ਹੱਡਪੈਰ ਖੁਲ੍ਹੇ ਹੋਣ ਕਰਕੇ ਚੰਗੀ ਜੁਆਨ ਤੇ ਉਮਰ ਨਾਲੋਂ ਵਡੀ ਲਗਦੀ ਸੀ। ਚੇਹਰਾ ਭਾਰਾ ਤਾਂ ਜ਼ਰੂਰ ਸੀ, ਪਰ ਲੰਮਾ ਬਹੁਤਾ ਸੀ। ਲੰਮਾ ਨੱਕ ਅਤੇ ਅੱਖਾਂ ਮੋਟੀਆਂ ਸਨ। ਮੱਥਾ ਰਤਾ ਕੁ ਹੋਰ ਚੌੜਾ ਹੁੰਦਾ ਤਾਂ ਸੁੰਦਰਤਾ ਵਿੱਚ ਵਾਧਾ ਹੋ ਜਾਂਦਾ। ਈਰਾਨੀ ਸਿਰਾਹੀ ਦੀ ਤਰ੍ਹਾਂ ਧੌਣ ਬਹੁਤ ਲੰਮੀ ਸੀ। ਰੰਗ ਗੋਰਾ ਹੋਣ ਕਰਕੇ ਕੋਈ ਵੀ ਕਪੜਾ ਉਹ ਪਾ ਲਵੇ, ਉਸ ਨੂੰ ਫਬ ਜਾਂਦਾ ਸੀ। ਸੇਹਤ ਵਲੋਂ ਬੜੀ ਅਰੋਗ ਅਤੇ ਹੌਂਸਲਾ ਮਰਦਾਂ ਨਾਲੋਂ ਬਹੁਤਾ ਸੀ। ਰਾਤ ਬਰਾਤੇ ਇਕੱਲੀ ਤੁਰੀ ਜਾਂਦੀ ਨੂੰ ਭੈ ਨਹੀਂ ਸੀ ਆਉਂਦਾ ਭਾਵੇਂ ਜੰਗਲ, ਪਹਾੜ ਜਾਂ ਉਜਾੜ

ਹੋਵੇ। 'ਬਾਗ਼ੀ ਸੁੰਦਰੀ' ਦੇ ਨਾਂ ਹੇਠ ਕੋਈ ਅੱਠਾਂ ਅਫਸਰਾਂ ਨੂੰ ਚਿੱਠੀਆਂ ਲਿਖਕੇ ਐਲਾਨੀਆਂ ਦਲੇਰੀ ਨਾਲ ਮਾਰਿਆ। ਸਾਰੇ ਜਿਲ੍ਹੇ ਵਿਚ ਧੁੰਮ ਪੈ ਗਈ। ਇਸ ਦਾ ਨਾਮ ਸੁਣ ਕੇ ਹੀ ਕਈ ਅਫਸਰ ਤ੍ਰੱਬਕ ਜਾਂਦੇ ਤੇ ਕਈ ਕਈ ਰਾਤਾਂ ਉਨੀਂਦਰੇ ਹੀ ਰਹਿੰਦੇ ਰਹੇ।

ਦੇਸ਼ ਭਗਤਾਂ ਤੇ ਇੰਨਕਲਾਬੀਆਂ ਦੀ ਦੁਨੀਆਂ ਵਿੱਚ ਇਸ ਨਾਂ ਦੀ ਲੜੀ ਚਰਚਾ ਸੀ। ਕਈ ਦਰਸ਼ਨ ਕਰਨ ਵਾਸਤੇ ਬੜੇ ਤਰਲੇ ਲੈਂਦੇ ਸਨ। ਪੰਜਾਬ ਗਵਰਨਰ ਨੇ ਸਾਰੇ ਪੰਜਾਬ ਖੁਫੀਆ ਪੁਲੀਸ ਨੂੰ ਹਦੈਤਾਂ ਕੀਤੀਆਂ ਕਿ ਇਨ ਲੜਕੀ ਨੂੰ ਫੜਿਆ ਜਾਏ ਜੇ ਸੂਟ ਕਰਨ ਦੀ ਲੋੜ ਪਵੇ ਤਾਂ ਬੇਸ਼ਕ ਸੂਟ ਕੀਤਾ ਜਾਏ। ਜੋ ਮਾਰੇ ਜਾਂ ਫੜੇ ਉਸ ਨੂੰ ਦੋ ਮਰਬੇ ਤੇ ਭਾਰੀ ਰਕਮ ਈਨਾਮ ਦਿੱਤੀ ਜਾਏਗੀ।

ਬਾਗ਼ੀ ਸੁੰਦਰੀ ਨੂੰ ਫੜਨ ਬਦਲੇ ਚਾਰ ਪੁਲੀਸ ਇੰਨਸਪੇਕਟਰ ਬਾਗ਼ੀਆਂ ਦੇ ਹੱਥੋਂ ਮਾਰੇ ਗਏ ਸਨ। ਉਸ ਦੇ ਦੁਸ਼ਮਨਾਂ ਵਿਚੋਂ ਸਿਰਫ ਰਾਮ ਪ੍ਰਸਾਦ ਹੀ ਜੀਊਂਦਾ ਸੀ। ਉਸ ਦੀ ਜਾਨ ਲੈਣ ਵਾਸਤੇ ਆਪਣੇ ਮਿਤ੍ਰ ਜੀਵਨ ਮੂਰਤੀ ਅਤੇ ਜਨ ਨਾਲ ਤੁਰ ਪਈ।

ਉਹ ਮਟਿਆਰ ਇਸਤ੍ਰੀ ਕੁਆਰੀ ਸੀ। ਜੁਆਨ ਮੁੰਡਿਆਂ ਨਾਲ ਵਾਹ ਬੜਾ ਪਿਆ ਸੀ, ਪਰ ਪ੍ਰੀਤ ਨਾਟਕ ਨਹੀਂ ਸੀ ਖੇਡਿਆ। ਕਈ ਉਸਨੂੰ ਪਥਰ-ਦਿਲ ਕੁੜੀ ਸਮਝਦੇ ਸਨ। ਉਹ ਸਤਕਾਰ ਕਈਆਂ ਦਾ ਕਰਦੀ ਸੀ, ਪਰ ਪਿਆਰ ਨਹੀਂ। ਉਹ ਪਿਆਰ ਜਿਸ ਨੂੰ ਜੁਆਨੀ ਲਿੰਗ-ਵਾਸ਼ਨਾ ਦਾ

ਨਾਂ ਦੀਦੇਂ। ਉਸ ਦੀ ਉਸ ਨੂੰ ਰਤਾ ਲਾਗ ਨਹੀਂ ਸੀ। ਸਮਾਜ ਦੇ ਠੇਕੇਦਾਰ, ਜੀਵਨ ਹੀਣ ਅਤੇ ਛੋਟੇ ਖਿਅਲਾਂ ਦੇ ਮਰਦ ਉਸ ਉਤੇ ਕਈ ਤਰ੍ਹਾਂ ਦੇ ਸ਼ਕ ਕਰਦੇ ਸਨ। ਚਲਨ ਹੀਣ ਸਮਝਦੇ ਸਨ। ਪਰ ਉਹ ਚੰਗੇ ਚਲਣ ਵਾਲੀ ਸੀ।

ਰਾਜਸੀ ਪਿਤਾ–ਬਾਬਾ ਜੀ ਨੇ ਉਸ ਨੂੰ ਚੰਗੇ ਉਪਦੇਸ਼ ਦਿਤੇ। ਇਸਤ੍ਰੀਪਣ ਦੀ ਕਮਜ਼ੋਰੀ ਨੂੰ ਸੰਭਾਲਣ ਦੀ ਹਦੈਤ ਕੀਤੀ, ਪਰ ਥੋੜ੍ਹੇ ਦਿਨਾਂ ਤੋਂ ਜੀਵਨ ਮੂਰਤੀ ਵਲ ਉਹ ਖਿੱਚੀ ਦੀ ਜਾ ਰਹੀ ਸੀ। ਉਸ ਦੀ ਸੰਗਤ ਅਤੇ ਹੱਥ ਦੀ ਛੁਹ ਨਾਲ ਉਸ ਨੂੰ ਖੁਸ਼ੀ ਪ੍ਰਾਪਤ ਹੁੰਦੀ। ਪਿਆਰ ਦਾ ਬੀਜ ਗਿਰੀ ਦੀ ਅੱਖ ਪਾੜਕੇ ਬੂਟਾ ਬਣਨ ਵਾਸਤੇ ਉਛਲ ਰਿਹਾ ਸੀ। ਰਾਤ ਤੁਰੀ ਜਾਂਦੀ, ਸਹਜ ਸੁਭਾ ਹੀ ਜੀਵਨ ਮੂਰਤੀ ਦਾ ਹੱਥ ਫੜ ਕੇ ਪ੍ਰੀਤ-ਨਿਘ ਨੂੰ ਮਹਿਸੂਸ ਕਰਦੀ ਹੋਈ ਤੁਰੀ ਜਾਂਦੀ। ਕੋਹਾਂ ਪੈਂਡਾ ਕਰ ਲੈਂਦੀ, ਪਰ ਥੱਕਦੀ ਤੇ ਅੱਕਦੀ ਨਾ।

ਬੁਰਕੇ ਵਰਗੇ ਕਾਲੇ ਗੌਂਵ ਉਨ੍ਹਾਂ ਕੋਲ ਸਨ। ਤਿੰਨਾਂ ਨੇ ਉਹ ਉਤੇ ਲਏ ਤੇ ਸੜਕ ਉਤੇ ਆਕੇ ਸਾਇਕਲ ਲੈ। ਉਨ੍ਹਾਂ ਉਤੇ ਚੜ੍ਹ ਕੇ ਹੁਸ਼ਿਆਰ ਪੁਰ ਨੂੰ ਵਾਹੋ ਦਾਹੀ ਗਏ। ਦਿਨ ਦੇ ਚੜ੍ਹਾ ਵੇਲੇ ਸ਼ਹਿਰ ਵਿੱਚ ਜਾ ਵੜੇ। ਕਾਲੇ ਚੋਲੇ ਲਪੇਟ ਲਏ ਤੇ ਮਾਮੂਲੀ ਸ਼ਹਿਰੀਆਂ ਵਾਂਗ ਹੁਲੀਏ ਬਦਲ ਕੇ ਤੁਰਨ ਫਿਰਨ ਲੱਗੇ। ਕੁਸ਼ਲਿਆ ਨੂੰ ਸ਼ਹਿਰ ਦੇ ਬਹੁਤ ਸਾਰੇ ਲੋਕ ਜਾਣਦੇ ਸਨ। ਇਸ ਵਾਸਤੇ ਉਹ ਤਾਂ ਬੁਕਾ ਪਾ ਕੇ ਮੁਸਲਮਾਨੀ ਬਣ ਜਾਂਦੀ ਤੇ ਜੀਵਨ ਤੇ ਜਨ ਤੁਰਕੀ ਟੋਪੀ ਬਨੌਟੀ ਦਾਹੜੀਆਂ ਲਾ ਕੇ ਮੁਸਲਮਾਨ ਬਣ ਜਾਂਦੇ। ਬਿਨਾ ਮਤਲਬ ਬ

ਵੇ ਬੋਲਦੇ ਨਾ।

ਜੀਵਨ ਮੂਰਤੀ ਦਸ ਕੁ ਵਜੇ ਦਿਨੇ ਰਾਮ ਪ੍ਰਸਾਦ ਦੇ ਬੰਗਲੇ ਗਿਆ। ਬਾਹਰ ਅੜਦਲੀ ਬੈਠਾ ਸੀ। ਸਾਰੀ ਕੋਠੀ ਦੇ ਚੌਗਿਰਦੇ ਬੰਦੂਕਾਂ ਵਾਲਿਆਂ ਦਾ ਪਹਿਰਾ ਸੀ। ਉਸ ਨੇ ਅੜਦਲੀ ਨੂੰ ਪੁਛਿਆ, 'ਕਪਤਾਨ ਸਾਹਿਬ ਕਿੱਥੇ ਹਨ ?'

'ਤੂੰ ਕੌਣ ਹੈਂ ਤੇ ਕਿੱਥੋਂ ਆਇਆ ਏਂ ?' ਅੜਦਲੀ ਨੇ ਅਗੋਂ ਪੁਛਿਆ।

'ਮੈਂ ਖੁਫੀਆ ਪੋਲੀਸ ਦਾ ਸਿਪਾਹੀ ਹਾਂ ਤੇ ਲਾਹੌਰੋਂ ਆਇਆ ਹਾਂ। ਕੋਈ ਜ਼ਰੂਰੀ ਕੰਮ ਹੈ।' ਜੀਵਨ ਮੂਰਤੀ ਨੇ ਉਤਰ ਦਿੱਤਾ।

"'ਕੀ ਨਾਂ ?'

'ਗੁਲਾਮ ਰਸੂਲ !'

"ਕਪਤਾਨ ਸਾਹਿਬ ਏਥੇ ਨਹੀਂ ਉਹ ਕਲ ਹੀ ਆਏ ਨੇ ਤੇ ਅਜ ਕਿਤੇ ਗਏ ਹਨ। ਅਜੇ ਉਨ੍ਹਾਂ ਦਾ ਟੱਬਰ ਨਹੀਂ ਆਇਆ।"

"ਪਰ ਮਿਸਟਰ ਰਾਮ ਪ੍ਰਸਾਦ ਦਾ ਤਾਂ ਟੱਬਰ ਏਥੇ ਰਹਿੰਦਾ ਸੀ।"

"ਰਾਮ ਪ੍ਰਸਾਦ ਨਹੀਂ ! ਇਹ ਅੰਗਰੇਜ਼ ਹਨ ਤੇ ਨਵੇਂ ਆਏ ਨੇ। ਰਾਮ ਪ੍ਰਸਾਦ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਹੈ। ਘਰਦਿਆਂ ਤੇ ਬਾਹਰਦਿਆਂ ਨੂੰ ਅਨਦਸੇ ਹੀ ਪਤਾ ਨਹੀਂ ਕਿਧਰ ਗਿਆ ਹੈ। ਉਸਦੇ ਬੱਚੇ ਤੇ ਇਸਤ੍ਰੀ ਅੰਬਾਲੇ ਚਲੇ ਗਏ ਨੇ। ਸਰਕਾਰੀ ਤੌਰ ਤੇ ਢੂੰਡ ਹੋ ਰਹੀ ਹੈ। ਪਤਾ ਨਹੀਂ

ਸ਼ਾਇਦ ਬਾਗ਼ੀਆਂ ਨੇ ਉਸ ਨੂੰ ਮਾਰ ਦਿੱਤਾ ਹੈ। ਉਸ ਦੇ ਵੈਰ
ਬਹੁਤ ਲੋਕ ਪਏ ਹੋਏ ਹਨ।"

'ਖ਼ੁਦਾ ਹਾਫ਼ਜ਼! ਬਹੁਤ ਮਾੜਾ ਹੋਇਆ। ਮੇਰਾ ਤਾਂ ਬਹੁਤ ਮੇਹਰਬਾਨ ਮਦਦੀ ਸੀ। ਮਦਦ ਵਾਸਤੇ ਹੀ ਮੈਂ ਉਨ੍ਹਾਂ ਕੋਲ ਆਇਆ ਸਾਂ। ਇਹ ਜੋ ਨਵੇਂ ਆਏ ਨੇ ਇਨ੍ਹਾਂ ਦਾ ਕੀ ਨਾਂ ਹੈ?' ਜੀਵਨ ਮੂਰਤੀ ਨੇ ਬੁਰਾ ਜਿਹਾ ਮੂੰਹ ਬਣਾ ਕੇ ਆਖਿਆ। ਜਿਵੇਂ ਬੜਾ ਦੁਖ ਮਹਿਸੂਸ ਕੀਤਾ ਸੀ।

"ਇਹ ਸਕੌਟ ਸਾਹਿਬ ਹਨ। ਫ਼ੀਰੋਜ਼ਪੁਰ ਤੋਂ ਆ ਰਹੇ ਹਨ। ਬੜੇ ਕਰੜੇ ਸੁਭਾ ਦੇ ਦਸੀ ਦੇ ਹਨ।"

'ਕਿਤੇ ਬਾਗ਼ੀਆਂ ਨੂੰ ਫੜਨ ਵਾਸਤੇ ਉਸ ਨੇ ਇਹ ਢੰਗ ਤਾਂ ਨਹੀਂ ਸੋਚਿਆ, ਤਾਂਕਿ ਵਡਾ ਈਨਾਮ ਹਾਸਲ ਕਰੇ!'

'ਵਗਵਾਨ ਜਾਣੇ ਜੀ! ਪਰ ਇਹ ਗਲ ਨਹੀਂ ਜਾਪਦੀ। ਬਾਗ਼ੀ ਸੁੰਦਰੀ ਤੇ ਪਹਾੜੀ ਸ਼ੇਰ ਵਲੋਂ ਉਨ੍ਹਾਂ ਨੂੰ ਮਾਰਨ ਦੀ ਧਮਕੀ ਆਈ ਸੀ। ਸ਼ਾਇਦ ਮੌਤ ਕੋਲੋਂ ਡਰ ਗਏ। ਚਾਰ ਪੰਜ ਦਿਨ ਤਾਂ ਬਹੁਤ ਉਦਾਸ ਰਹੇ। ਕੋਈ ਕੰਮ ਨਹੀਂ ਕੀਤਾ, ਕਿਸੇ ਦੌਰੇ ਤੇ ਨਹੀਂ ਗਏ। ਆਖਰ ਅਚਾਨਿਕ ਇਕ ਸ਼ਾਮ ਨੂੰ ਚੁੱਪ ਚਾਪ ਘਰੋਂ ਤੁਰ ਗਏ ਤੇ ਅਗਲੀ ਸਵੇਰ ਦਫ਼ਤਰ ਵਿੱਚ ਉਨ੍ਹਾਂ ਦਾ ਅਸਤੀਫ਼ਾ ਸੀ। ਜਿਸ ਵਿਚ ਲਿਖਿਆ ਹੋਇਆ ਸੀ ਕਿ ਮੈਨੂੰ ਲਭਣ ਦਾ ਯਤਨ ਨਾ ਕਰਨਾ, ਮੈਂ ਕਿਤੇ ਸ਼ਾਂਤੀ ਢੂੰਡਣ ਵਾਸਤੇ ਦੂਰ ਜਾ ਰਿਹਾ ਹਾਂ।'

'ਖੁਦਾ ਉਸ ਨੂੰ ਸ਼ਾਂਤੀ ਬਖਸ਼ੇ। ਚੰਗਾ ਭਾਈ ਮੈਂ ਦਫ਼ਤਰ ਜਾਂਦਾ ਆਂ। ਸਰਕਾਰੀ ਕੰਮ ਉਥੋਂ ਕਰਕੇ ਮੁੜ ਜਾਂਦਾ ਆਂ। ਚੰਗਾ ਮਦਦੀ ਵਿਛੜ ਗਿਆ ਵੇਲੇ ਕੁਵੇਲੇ ਮਦਦ ਕਰਦਾ ਸੀ। ਸਲਾਮ ਭਾਈ!'

ਇਹ ਆਖਕੇ ਮੂਰਤੀ ਪਿਛੇ ਮੁੜ ਆਇਆ। ਉਸ ਨੂੰ ਕਿਸੇ ਨਾ ਪਛਾਣਿਆਂ, ਪਰ ਉਹ ਸਾਰਿਆਂ ਨੂੰ ਪਛਾਣਦਾ ਰਿਹਾ।

ਕੁਸ਼ਲਿਆ ਤੇ ਜਨ ਨੇ ਸੂਹ ਕੱਢੀ ਕਿ ਇੱਕ ਫੌਜੀ ਦਸਤਾ ਡੇਹਰਾ ਵੱਡਭਾਗ ਸਿੰਘ ਦੀਆਂ ਪਹਾੜੀਆਂ ਵਿੱਚ ਬਾਗ਼ੀਆਂ ਨੂੰ ਢੂੰਡਣ ਵਾਸਤੇ ਗਿਆ ਹੈ ਤੇ ਮਿਸਟਰ ਬਾਮਸਨ ਉਨ੍ਹਾਂ ਦਾ ਆਗੂ ਹੈ।

ਸ਼ਿਕਾਰ ਹੱਥੋਂ ਨਿਕਲ ਗਿਆ ਸੁਣ ਕੇ ਕੁਸ਼ਲਿਆ ਨੂੰ ਬੜਾ ਦੁੱਖ ਹੋਇਆ। 'ਉਹ ਸਾਧ ਨਹੀਂ ਹੋਇਆ। ਬੜਾ ਚਲਾਕ ਤੇ ਬੇਈਮਾਨ ਹੈ, ਜ਼ਰੂਰ ਸਾਡੇ ਦਲ ਦੇ ਪਿਛੇ ਚੜ੍ਹਿਆ ਏ।' ਕੁਸ਼ਲਿਆ ਨੇ ਆਖਿਆ। 'ਉਸ ਕਸਾਈ ਦਾ ਦਿਲ ਲੋਹੇ ਦਾ ਹੈ। ਦੇਸ਼ ਦਾ ਦੁਸ਼ਮਨ...ਅੰਗਰੇਜ਼ ਦਾ ਯਾਰ ਤੇ ਲਾਲਚੀ ਕਾਰੂ ਹੈ।...ਹੱਛਾ ਜਿੱਥੇ ਤੇ ਜਦੋਂ ਕਾਬੂ ਆ ਗਿਆ, ਤਦੋਂ ਹੀ ਉਸ ਕੋਲੋਂ ਬਦਲਾ ਲਿਆ ਜਾਏਗਾ।'

'ਹੁਣ ਸਾਨੂੰ ਛੇਤੀ ਪੁੱਜਣਾ ਚਾਹੀਦਾ ਹੈ ਬਾਬਾ ਜੀ ਹੁਰਾਂ ਦੀ ਗੱਲ ਸਚੀ ਨਿਕਲੀ। ਸਰਕਾਰ ਨੂੰ ਸਾਡੇ ਟਕਾਣੇ ਦਾ ਪਤਾ ਲੱਗ ਚੁੱਕਾ ਹੈ।' ਜਨ ਨੇ ਆਖਿਆ।

''ਜ਼ਰੂਰ! ਪਰ ਦਿਨੇ ਤੇ ਰਾਤ ਸੜਕੇ ਤੁਰਨਾ ਤ ਔਖਾ

ਹੈ। ਪਿੰਡਾਂ ਦੇ ਰਾਹੀਂ ਚਲੀਏ।" ਜੀਵਨ ਮੂਰਤੀ ਨੇ ਆਖਿਆ।

"ਮੈਨੂੰ ਪਤਾ ਹੈ...ਇੱਕ ਪਗਡੰਡੀ ਰਾਹ ਦਾ ਉਧਰ ਦੀ ਚਲਦੇ ਹਾਂ। ਤੁਰੋ ਕੋਈ ਚਿੰਤਾ ਨਹੀਂ ਤੇ ਵਧੀ ਨੂੰ ਗਮ ਨਹੀਂ।" ਜਨ ਦੀ ਦਲੇਰੀ ਸੀ।

ਜਾਨਾਂ ਤੱਲੀਆਂ ਉਤੇ ਟਕਾਈ ਫਿਰਦੇ ਅਜ਼ਾਦੀ ਦੇ ਆਸ਼ਕ ਸਭ ਦੇ ਦੇਖਦਿਆਂ ਪੁਲੀਸ ਦੀ ਹਾਜ਼ਰੀ ਵਿਚ ਹੀ ਚਿੱ-ਟੇ ਦਿਨ ਹੁਸ਼ਿਆਰਪੁਰ ਵਿਚੋਂ ਸਾਇਕਲਾਂ ਉਤੇ ਚੜ੍ਹਕੇ ਤੁਰ ਪਏ। ਕਿਸੇ ਨੇ ਨਾ ਪਛਾਣਿਆਂ ਤੇ ਨਾ ਰੋਕਿਆ।

—o—

## ੯.

ਔਰਤ ਕਿਸੇ ਵੀ ਹਾਲਤ ਵਿੱਚ ਹੋਵੇ, ਮਾਂ ਪਿਓ ਜਾਏ ਵੀਰ ਨਾਲ ਪਿਆਰ ਜ਼ਰੂਰ ਰਖਦੀ ਹੈ। ਉਸ ਦੀ ਜਾਨ ਦੀ ਸੁਖ ਮੰਗਣਾ ਉਸ ਦੇ ਸੁਭਾ ਦਾ ਇੱਕ ਉਚੇਚਾ ਗੁਣ ਹੈ। ਵੀਰ ਬਦਚਲਨ, ਚੋਰ, ਕਾਤਲ ਤੇ ਦੇਸ਼ ਦਾ ਦੁਸ਼ਮਨ ਕਿਉਂ ਨਾ ਹੋਵੇ, ਫਿਰ ਵੀ ਭੈਣ ਦੇ ਮੂੰਹੋਂ ਮੰਦਾ ਸ਼ਬਦ ਨਿਕਲਣਾ ਔਖਾ ਹੈ। ਕਈ ਵੀਰ ਭੈਣਾ ਨੂੰ ਘਰੋਂ ਕਢਕੇ ਭੁਲ ਜਾਂਦੇ ਹਨ। ਮਿਲਣ ਨਹੀਂ ਜਾਂਦੇ ਲੜਦੇ ਤੇ ਮਾਰ ਕੁਟ ਵੀ ਕਰਦੇ ਹਨ, ਭੈਣਾ ਫਿਰ ਵੀ ਉਸ ਨੂੰ ਚੰਗਾ ਹੀ ਸਮਝਦੀਆਂ ਹਨ।

ਵੀਨਾ ਦਾ ਵੀਰ ਰਾਮਪ੍ਰਸਾਦ ਸੀ। ਉਹ ਹਿੰਦੁਸਤਾਨੀ ਜਨਤਾ ਦਾ ਦੁਸ਼ਮਨ ਤੇ ਅੰਗਰੇਜ਼ ਅਤੇ ਨੌਕਰੀ ਦਾ ਪਿਆਰਾ ਸੀ। ਵੀਨਾ ਅੰਗਰੇਜ਼ ਸਾਮਰਾਜ ਦੀ ਦੁਸ਼ਮਨ ਤੇ ਭਾਰਤੀ ਜਨਤਾ ਨਾਲ ਹਮਦਰਦੀ ਰਖਣ ਵਾਲੀ। ਵੀਰ ਹਿੰਦੁਸਤਾਨ ਦੀ ਗੁਲਾਮੀ ਦੇ ਸੰਗਲਾਂ ਦੀਆਂ ਘੁੰਡੀਆਂ ਨੂੰ ਪੱਕੇ ਤੌਰ ਤੇ ਵਿਲਡਿੰਗ ਕਰਨ ਵਾਲਾ ਤੇ ਭੈਣ ਉਨ੍ਹਾਂ ਸੰਗਲਾਂ ਨੂੰ ਤੋੜਨ ਵਾਲੀ। ਕਰਮ ਵਖਰਾ, ਵਿਚਾਰ ਵਖਰਾ ਤੇ ਜੀਵਨ ਰਾਹ ਵਖਰਾ, ਫਿਰ ਵੀ ਵੀਨਾ ਭਰਾ ਨਾਲ ਹਿਤ ਕਰਦੀ ਸੀ। ਉਸ

ਦਾ ਚੰਦਰਾ ਦਿਲ ਨਹੀਂ ਸੀ ਮੰਨਿਆ, ਘਰ ਛੱਡ ਦਿੱਤਾ। ਬਾਗੀਆਂ ਨਾਲ ਰਲ ਗਈ, ਪਰ ਵੀਰ ਭਰਜਾਈ ਤੇ ਉਨ੍ਹਾਂ ਦੇ ਬੱਚੇ ਨਾ ਭੁਲੇ। ਮਾਰਨ ਦੀ ਥਾਂ ਉਹ ਆਪਣੇ ਵੀਰ ਨੂੰ ਸੁਧਾਰਨਾ ਚਾਹੁੰਦੀ ਸੀ। ਨੇਕੀ ਦੇ ਰਾਹ ਲਿਆਉਣ ਵਾਸਤੇ ਤੜਪਦੀ ਸੀ। ਏਹੋ ਕਾਰਨ ਕਿ ਉਸ ਨੇ ਆਪਣੇ ਸਾਥੀਆਂ ਨੂੰ ਇਹ ਨਹੀਂ ਸੀ ਦੱਸਿਆ ਕਿ ਰਾਮ ਪ੍ਰਸਾਦ ਉਸ ਦਾ ਭਾਈ ਹੈ। ਉਸ ਨੂੰ ਇਹ ਵੀ ਡਰ ਸੀ ਕਿ ਜੇ ਦਸ ਦਿਤਾ ਤਾਂ ਸ਼ਾਇਦ ਉਹ ਭਰੋਸਾ ਵੀ ਨਾ ਕਰਨ। ਸਰਕਾਰੀ ਜਾਸੂਸ ਸਮਝਣ।

ਕੁਸ਼ਲਿਆ ਨੇ ਜਦੋਂ ਬਾਬਾ ਜੀ ਪਾਸੋਂ ਰਾਮ ਪ੍ਰਸਾਦ ਦੇ ਕਤਲ ਦੀ ਆਗਿਆ ਹਾਸਲ ਕੀਤੀ ਤਾਂ ਵੀਨਾ ਨੂੰ ਬਹੁਤ ਦੁੱਖ ਹੋਇਆ। ਪਰ ਉਸ ਮਨ ਦੀ ਪੀੜਾ ਨੂੰ ਅਨ-ਪ੍ਰਗਟਾਏ ਹੀ ਪਾਣੀ ਦੇ ਘੁਟ ਵਾਂਗ ਪੀ ਗਈ। ਏਥੋਂ ਤਕ ਕਿ ਵਿਰੋਧਤਾ ਵਿਚ ਵੀ ਇੱਕ ਸ਼ਬਦ ਨਾ ਆਖ ਸਕੀ। ਚੁੱਪ ਚਾਪ ਫੈਸਲਾ ਹੁੰਦਾ ਸੁਣਦੀ ਰਹੀ।

ਵੀਰ ਦੀ ਤਸਵੀਰ ਉਸ ਦੀਆਂ ਅੱਖਾਂ ਦੇ ਅੱਗੇ ਸੀ। ਉਸ ਦੇ ਮੰਦ ਕਰਮਾਂ ਦੀ ਕਾਲੀ ਤਸਵੀਰ ਵੀ ਸਾਥ ਸੀ ਕਦੀ ਉਸ ਦੇ ਚਿੱਤ ਆਵੇ, 'ਬੁਰੇ ਕੰਮਾਂ ਦਾ ਫਲ ਉਸ ਨੂੰ ਭੁਗਤਣ ਦੇਣਾ ਚਾਹੀਏ। ਮੇਰੇ ਵੀ ਆਖੇ ਨਹੀਂ ਲੱਗਾ। ਨਿਹੱਥਿਆਂ ਤੇ ਨਿਰਦੋਸਿਆਂ ਦੇ ਖੂਨ ਨਾਲ ਉਸ ਨੇ ਹੱਥ ਰੰਗੇ ਹਨ। ਉਸ ਨੂੰ ਕੋਈ ਮਆਫ ਨਹੀਂ ਕਰ ਸਕਦਾ।' ਪਰ ਨਾਲ ਹੀ ਆਤਮਾ ਅਵਾਜ਼ ਦੇਂਦੀ, ਵੀਨਾ! ਕੁਝ ਵੀ ਹੋਵੇ ਉਹ ਤੇਰਾ ਵੀਰ ਹੈ। ਮਾਂ ਬਾਪ ਦੀ ਨਿਸ਼ਾਨੀ ਹੈ। ਉਸ

ਨੂੰ ਮਰਨ ਨਾ ਦੇਹ, ਪਰ ਬੁਰਿਆਈ ਤੋਂ ਹੋੜਕੇ ਨੇਕੀ ਵਲ ਪ੍ਰੇਰ।'

ਭਿਆਨਕ ਦੇਸੀ ਤੇ ਵਲੈਤੀ ਬੰਬ ਉਸ ਦੇ ਝੋਲੇ ਵਿੱਚ ਤਕਰੀਬਨ ਇੱਕ ਦਰਜਨ ਸਨ। ਅੰਗਰੇਜ਼ ਨੌਕਰਸ਼ਾਹੀ ਦੇ ਰਾਖਿਆਂ ਨੂੰ ਗਰਕ ਕਰਨ ਵਾਸਤੇ ਸਨ। ਮਨ ਦੇ ਨਾਲ ਮੋਰਚੇ ਵਿੱਚ ਬੈਠੀ ਤੇ ਦੁਸ਼ਮਨ ਦੀ ਉਡੀਕ ਕਰਦੀ ਹੋਈ ਵੀ ਵੀਨਾ ਸੋਚ ਰਹੀ ਸੀ। ਜੇ ਉਸ ਦਸਤੇ ਦਾ ਮੋਹਰੀ ਉਸਦਾ ਵੀਰ ਹੋਇਆ ਤਾਂ ਉਹ ਕੀ ਕਰੇਗੀ? ਕੀ ਬੰਬ ਸੁਟ ਕੇ ਵੀਰ ਨੂੰ ਮਾਰ ਦੇਵੇਗੀ। ਵਤਨ ਪਿਆਰ ਆਖਦਾ, 'ਮਾਰ ਦੇਵੀਂ! ਉਹ ਵਤਨਦਾ ਦੁਸ਼ਮਨ ਹੈ। ਵੀਰ ਹੈ ਤਾਂ ਕੀ।ਇਹ ਖੁਦਗਰਜ਼ੀ ਹੈ ਇੱਕ ਵੀਰ ਬਦਲੇ ਦੇਸ਼ ਨੂੰ ਨੁਕਸਾਨ ਪਹੁੰਚਾਣਾ।'

ਰਾਤ ਭਾਵੇਂ ਹਨੇਰੀ ਸੀ,ਪਰ ਨਿੱਤ੍ਰੀ ਹੋਈ ਹੋਣ ਕਰਕੇ ਤਾਰਿਆਂ ਦੀ ਲੋਅ ਨਾਲ ਵਾਹਵਾ ਚਾਨਣ ਸੀ। ਠੰਢੀ ਠੰਢੀ ਹਵਾ ਚੋਖਾ ਪਾਲਾ ਪਾ ਰਹੀ ਸੀ, ਪਰ ਕਾਲੇ ਕੰਬਲਾਂ ਦੇ ਬੁੰਬ ਮਾਰੀ ਵੀਨਾ ਤੇ ਮਨ ਬੈਠੇ ਸਨ। ਰਾਹ ਦੇ ਮੋੜ ਦੇ ਉਪਰ, ਕਈ ਮਣ ਵਡੀ ਸਿਲ ਦਾ ਉਨ੍ਹਾਂ ਨੇ ਆਸਰਾ ਤੱਕਿਆ ਸੀ। ਉਹ ਰਾਹ ਜਾਂਦੇ ਦੁਸ਼ਮਨ ਨੂੰ ਹਨੇਰੇ ਵਿਚ ਵੀ ਦੇਖ ਸਕਦੇ ਸਨ। ਪਰ ਦੁਸ਼ਮਨ ਉਨ੍ਹਾਂ ਨੂੰ ਨਹੀਂ ਸੀ ਦੇਖ ਸਕਦਾ। ਜੇ ਲੋੜ ਪਵੇ ਨਠਣ ਦੀ ਤਾਂ ਵੀ ਉਪਰ ਚੰਗਾ ਮੌਕਾ ਸੀ।

ਰਾਤ ਅਧ ਤੋਂ ਟੱਪ ਗਈ, ਪਰ ਕਿਸੇ ਦੇ ਆਉਣ ਦ ਕੋਈ ਵੌੜ ਨਾ ਆਈ। ਚੌਗਿਰਦੇ ਦੂਰ ਤਕ ਚੁੱਪ ਤੇ ਹਨੇਰੇ ਦ ਰਾਜ ਸੀ। ਦੋਟਿੰਗੇ, ਚਾਰਪਾਏ ਤੇ ਕੀੜੇ ਮਕੌੜੇ ਵੀ ਬੇ-ਫਿਕਰ ਰ

ਦੀ ਰਾਤ ਸੁਤੇ ਸਨ। ਕਿਤੇ ਕਿਤੇ ਬਰੀਕ ਜਹੀ ਅਵਾਜ਼ ਵਿੱਚ ਕਿਸੇ ਕੀੜੇ ਮਕੌੜੇ ਦਾ ਇਕ ਸੁਰਾ ਰਾਗ ਸੁਣਾਈ ਦੇਂਦਾ ਸੀ, ਜਾਂ ਹਵਾ ਦੇ ਝੋਕੇ ਨਾਲ ਚੀਲ ਤੇ ਦਿਉਦਾਰ ਦੇ ਰੁਖ ਹਿਲ ਕੇ 'ਸਾਂ ਸਾਂ' ਕਰਦੇ ਸਨ। ਆਮ ਮਨੁਖ ਐਸੀ ਇਕਲਤਾ ਵਿਚ ਜ਼ਰੂਰ ਭੈ-ਭੀਤ ਹੋ ਜਾਂਦਾ ਹੈ। ਪਰ ਵਤਨ ਦੇ ਆਸ਼ਕਾਂ ਨੂੰ ਰਤਾ ਭੈ ਨਹੀਂ ਸੀ। ਉਹ ਰਾਤ ਨੂੰ ਵੀ ਦਿਨ ਹੀ ਸਮਝ ਰਹੇ ਸਨ।

ਨੀਂਦ ਕੋਲੋਂ ਬਚਣ ਵਾਸਤੇ ਮਨ ਨੇ ਵੀਨਾ ਨਾਲ ਹੌਲੀ ਹੌਲੀ ਮਿਠੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ।

'ਵੀਨਾ ਜੀ!' ਮਨ ਬੋਲਿਆ, ਪਰ ਉਸ ਦੇ ਹੱਥ ਉਤੇ ਹੱਥ ਰਖ ਕੇ। 'ਕਲਕਤਾ ਕਿੰਨਾ ਚਿਰ ਰਹੇ ਜੇ!'

'ਚਾਰ ਸਾਲ।' ਵੀਨਾ ਨੇ ਅਗੋਂ ਉੱਤਰ ਦਿੱਤਾ। ਮਨ ਦੇ ਹੱਥ ਵਿੱਚੋਂ ਹੱਥ ਨਹੀਂ ਖਿੱਚਿਆ।'

'ਬੀ.ਏ ਕਦੋਂ ਪਾਸ ਕੀਤਾ ਹੈ?'

''ਪਿਛਲੇ ਸਾਲ।'

'ਕਦੀ ਜੇਹਲ ਵੀ ਗਏ ਜੇ?'

'ਨਹੀਂ।'

'ਜਿਵੇਂ ਬਾਬਾ ਜੀ ਦਾ ਵਿਚਾਰ ਹੈ ਜੇ ਪ੍ਰਗਟ ਹੋ ਕੇ ਜਨਤਾ ਵਿਚ ਕੰਮ ਕਰਨ ਲਗੇ ਤਾਂ ਆਪ ਦਾ ਭਵਿਖਤ ਕੀ ਹੋਵੇਗਾ?'

'ਗਰੀਬ ਜਨਤਾ ਦੀ ਸੇਵਾ ਕਰਾਂਗੀ।' ਗਰੀਬਾਂ ਦੇ ਬੱਚੇ ਪੜ੍ਹਾ ਕੇ, ਪਿੰਡ ਪਿੰਡ ਫਿਰ ਕੇ ਜਾਗਰਤ ਪੈਦਾ

ਕਰਾਂਗੀ।'

"ਇਕਲੀ ?'

"ਨਹੀਂ !'

'ਫਿਰ ਕਿਸ ਦੇ ਸਾਥ ?'

'ਆਪਣੇ ਸਾਥੀਆਂ ਦੇ।'

'ਕਿਹੜਿਆਂ ਦੇ ?'

'ਜਿਹੜੇ ਹੋਣਗੇ।'

'ਆਪਨੇ ਮਾਪਿਆਂ ਨੂੰ ਮਿਲੋਗੇ ?'

'ਹਾਂ ! ਪਰ ਵੀਰ ਮੇਰੇ ਦਾ ਤਾਂ ਪਤਾ ਨਹੀਂ ਉਹ ਬਚੇ ਕਿ ਨਾ !'

'ਉਹ ਕੌਣ ਹਨ ? ਤੇ ਬਚਨਾ ਕਿਉਂ ਨਹੀਂ ਨੇ ?'

ਵੀਨਾ ਨੂੰ ਸੋਝੀ ਆ ਗਈ ਕਿ ਵੀਰ ਦੇ ਭੇਦ ਨੂੰ ਤਾਂ ਉਸ ਨੇ ਗੁਪਤ ਰਖਣਾ ਹੈ ਪ੍ਰਗਟ ਕਰਕੇ ਗਲਤੀ ਕਰਨ ਲਗੀ ਸੀ। ਝਟ ਭਾਵ ਬਦਲ ਕੇ ਉੱਤਰ ਦਿੱਤਾ, 'ਉਹ ਬਹੁਤ ਚਿਰ ਤੋਂ ਬੀਮਾਰ ਰਹਿੰਦੇ ਨੇ। ਤਿੰਨ ਚਾਰ ਮਹੀਨੇ ਹੋਏ ਨੇ ਹੁਣ ਤਾਂ ਮੈਂ ਮਿਲੀ ਨਹੀਂ।'

'ਕੀ ਉਹ ਆਪ ਦਾ ਇੰਨਕਲਾਬੀ ਹੋਣਾ ਤੇ ਕੁਆਰਪਣ ਵਿਚ ਰਾਤ ਬਰਾਤੇ ਇਕਲਿਆਂ ਜਾਂ ਮਰਦਾਂ ਨਾਲ ਫਿਰਨਾ ਮਾੜਾ ਤਾਂ ਨਹੀਂ ਸਮਝਦੇ ?'

'ਉਹ ਪਿਛਾ ਖਿਚੂ ਹਨ ਮਾੜਾ ਸਮਝਦੇ ਹਨ, ਪਰ ਮੈਂ ਕੋਈ ਪ੍ਰਵਾਹ ਨਹੀਂ ਕਰਦੀ। ਦੇਸ਼ ਦੀ ਅਜ਼ਾਦੀ ਬਦਲੇ ਸਭ ਦਾ ਤਿਆਗ ਕਰ ਦਿੱਤਾ ਹੈ। ਵੀਰ ਰਿਸ਼ਤੇਦਾਰਾਂ ਅਤੇ

ਸਮਾਜੀਆਂ ਦਾ ਡਰ ਮੈਨੂੰ ਕੋਈ ਨਹੀਂ।

'ਵਿਆਹ ਬਾਰੇ ਆਪ ਦੇ ਕੀ ਖਿਆਲ ਹਨ ?'

'ਵਿਆਹ ਤੋਂ ਕੀ ਭਾਵ !'

'ਮੇਰਾ ਮਤਲਬ ਕਿ ਆਪ ਨੇ ਅਨਵਿਆਹੀ ਰਹਿਣ ਹੈ ਜਾਂ ਵਿਆਹ ਕਰਾਉਣਾ ਹੈ ?'

"ਇਸ ਸੁਵਾਲ ਬਾਰੇ, ਪੁਛਣ ਦਸਣ ਦਾ ਇਹ ਸਮਾਂ ਨਹੀਂ।'

'ਫਿਰ ਵੀ !'

"ਜਦੋਂ ਵੇਹਲ ਮਿਲੇਗਾ, ਤਦੋਂ ਸੋਚਾਂਗੀ ਕਿ ਅਨਵਿਆਹੀ ਜਗਤ ਵਿੱਚ ਫਿਰ ਸਕਦੀ ਹਾਂ ਜਾਂ ਵਿਆਹੀ ਹੋਈ। ਹੁਣ ਤਾਂ ਮਰਨ ਜਾਂ ਮਾਰਨ ਦੀ ਹੀ ਇੱਛਾ ਹੈ।'

"ਕਦੀ ਕਿਸੇ ਨਾਲ ਪਿਆਰ ਕੀਤਾ ਜੇ ?"

'ਕਈਆਂ ਨਾਲ।'

'ਕਈਆਂ ਨਾਲ ?'

'ਹਾਂ ! ਪਰ ਹੈਰਾਨ ਕਿਉਂ ਹੁੰਦੇ ਜੇ। ਮਾਨੁੱਖ ਜਿਸ ਨਾਲ ਦੋ ਕਦਮ ਤੁਰਦਾ, ਚੰਦ ਮਿੰਟ ਬੈਠਦਾ ਅਤੇ ਗੱਲਾਂ ਕਰਦਾ ਹੈ। ਉਹ ਪਿਆਰ ਨਾਲ ਹੀ ਕਰਦਾ ਹੈ। ਜੇ ਇੱਕ ਦੂਸਰੇ ਵਿਚ ਪਿਆਰ ਦੀ ਖਿਚ ਨਾ ਹੋਏ ਤਾਂ ਕੁਝ ਨਹੀਂ ਹੋ ਸਕਦਾ।'

'ਇਹ ਤਾਂ ਠੀਕ ਹੈ। ਪਰ ਮੇਰਾ ਮਤਲਬ ਹੋਰ ਹੈ।'

'ਉਹ ਕੀ ?'

'ਕਿਸੇ ਹਾਨ ਦੇ ਸੁੰਦਰ ਪੜ੍ਹੇ ਲਿਖੇ ਅਤੇ ਸੁਭਾ ਤੇ

ਕਰਮੰ ਮਿਲਦੇ ਜੁਲਦੇ ਕਿਸੇ ਗਭਰੂ ਨਾਲ ਕਦੀ ਵਿਆਹ ਦੇ ਖਿਆਲ ਨਾਲ ਪਿਆਰ ਕੀਤਾ ਜੇ ?'

'ਹਾਂ !'

'ਕਦੋਂ ?'

'ਹੁਣੇ !'

'ਕਿਸ ਨਾਲ ?'

"'ਆਪ ਨਾਲ ! ਆਪ ਨਾਲੋਂ ਸੁਹਣਾ, ਜੁਆਨ ਅਤੇ ਕਰਮ-ਸੁਭਾ ਮਿਲਦਾ ਜੁਲਦਾ ਹੋਰ ਕਿਹੜਾ ਗਭਰੂ ਹੈ। ਚੰਗੀ ਬੀਤੇਗੀ ਜਦੋਂ ਰਲ ਬੈਠਾਂਗੇ ਦੀਵਾਨੇ ਦੋ।"

ਬੁਲ੍ਹਾਂ ਵਿੱਚ ਹਾਸੀ ਹੱਸਦਿਆਂ ਤੇ ਮਨ ਦੇ ਮੋਢੇ ਉਤੇ ਹੱਥ ਸੁਟਕੇ ਵੀਨਾ ਨੇ ਬੜੀ ਦਲੇਰੀ ਨਾਲ ਆਖਿਆ। ਪਰ ਮਨ ਨੇ ਸਚ ਨਾ ਮੰਨਿਆਂ। ਉਸ ਨੇ ਜਾਤਾ, ਵੀਨਾ ਨੇ ਮਖੌਲ ਕੀਤਾ ਹੈ। ਅਜੇ ਉਹ ਕੁਝ ਕਹਿਣ ਹੀ ਲਗਾ ਸੀ ਕਿ ਦੂਰ ਕਿਤੇ ਰਤਾ ਖੜਕਾ ਹੋਇਆ। ਦੋਹਾਂ ਦੇ ਕੰਨ ਖੜੇ ਹੋ ਗਏ ਤੇ ਵੌੜ ਲੈਣ ਲਗੇ ਕਿ ਦੁਸ਼ਮਨ ਤਾਂ ਨਹੀਂ ਆ ਗਿਆ। ਪਰ ਖੜਕਾ ਕਿਤੇ ਹੋਰਥੇ ਸੀ। ਪੰਜ ਕੁ ਮਿੰਟ ਵੌੜ ਲੈਣ ਪਿਛੋਂ ਮਨ ਨੇ ਆਖਿਆ, ਦੂਰ ਕਿਤੇ ਹੈ। ਦੁਸ਼ਮਨ ਦੇ ਨਾ ਬੂਟਾਂ ਦਾ ਖੜਕਾ ਹੈ ਨਾ ਘੋੜਿਆਂ ਦੇ ਸੁੰਬਾਂ ਦੀ ਟੱਪ-ਟੱਪ ਹੈ।'

"ਪ੍ਰਤੀਤ ਤਾਂ ਇਉਂ ਹੀ ਹੋ ਰਿਹਾ ਹੈ।"

'ਹੁਣ ਤਾਂ ਦੋ ਵਜੇ ਦਾ ਵੇਲਾ ਹੈ।'

'ਜੀ !'

'ਵੀਨਾ !' ਮਨ ਨੇ ਮੁੜ ਪਹਿਲੀ ਗਲ-ਬਾਤ ਦਾ

ਸਲਸਲਾ ਸ਼ੁਰੂ ਕਰਨਾ ਚਾਹਿਆ, 'ਇਹ ਠੀਕ ਹੈ, ਕਿ ਮੈਂ ਆਪ ਨੂੰ ਬਹੁਤ ਚੰਗਾ ਲਗਾ ਹਾਂ।'

'ਜ਼ਰੂਰ! ਮੈਨੂੰ ਕੀ ਹਰ ਮੁਟਿਆਰ ਨੂੰ ਆਪ ਸੁਹਣੇ ਲਗਦੇ ਜੇ। ਕੁਸ਼ਲਿਆ ਵੀ ਇੱਕ ਦਿਨ ਆਖਦੀ ਸੀ, ਮੈਂ ਮਨ ਦੇ ਨਾਲ ਬਾਹਰ ਜਾਇਆ ਕਰਨਾ ਏ।' ਏਨਾ ਆਖਦਿਆਂ ਹੋਇਆਂ ਵੀਨਾ ਦਾ ਹਾਸਾ ਕਿਵੇਂ ਰੁਕਿਆ। ਪਰ ਮਨ ਖੁਸ਼ ਹੋ ਗਿਆ ਉਹ ਖੁਸ਼ੀ ਨਾਲ ਬੁੜਕਦਾ ਹੋਇਆ ਬੋਲਿਆ, 'ਮੇਰਾ ਵੀ ਵਿਚਾਰ ਹੈ ਕਿ ਕੋਈ ਚੰਗੀ ਜੀਵਨ ਸਾਥਣ ਮਿਲੇ ਤਾਂ ਚੰਗਾ ਹੈ। ਔਰਤ ਬਿਨਾਂ ਤਾਂ ਮਰਦ ਘਬਰਾ ਜਾਂਦਾ। ਇਹ ਦਿਸਦਾ ਜਗਤ ਵੀ ਚੰਗਾ ਨਹੀਂ ਲਗਦਾ। ਬਹਾਦਰੀ ਦਿਖਾਉਣ ਦਾ ਸੁਵਾਦ ਨਹੀਂ ਆਉਂਦਾ।'

'ਠੀਕ ਹੈ।' ਵੀਨਾ ਦਾ ਉੱਤਰ ਸੀ।

ਏਹੋ ਜਹੇ ਜ਼ਬਾਨੀ ਜਮਾਂ ਖਰਚ ਨਾਲ ਵੀਨਾ ਨੇ ਕਈਆਂ ਨੌਜੁਆਨਾਂ ਦੇ ਭਵਿਖਤ ਜੀਵਨ ਦੇ ਸੁਪਨਿਆਂ ਨੂੰ ਸ਼ਿੰਗਾਰਿਆ ਤੇ ਸੁਵਾਰਿਆ ਸੀ, ਪਰ ਉਹ ਸੁਪਨੇ, ਸੁਪਨੇ ਹੀ ਰਹਿੰਦੇ ਸਨ।

ਮਨ ਵੀ ਛਲਿਆ ਗਿਆ। ਉਹ ਮਨ ਹੀ ਮਨ ਖੁਸ਼ ਹੋ ਕੇ ਆਖਣ ਲੱਗਾ, ਮੌਜਾਂ ਹੋ ਗਈਆਂ ਆਜ਼ਾਦੀ ਦੇ ਨਾਲ ਚੰਗਾ ਜੀਵਨ ਸਾਥੀ ਵੀ ਮਿਲ ਜਾਏਗਾ। ਵਲ ਵਲਾ ਪ੍ਰਗਟ ਕਰਕੇ, 'ਵੀਨਾ ਜੀ! ਰਤਾ ਮੇਰੇ ਵਲ ਤਕੋ ਨਾ!'

'ਕਿਉਂ?'

''ਮੈਨੂੰ ਵਿਸ਼ਵਾਸ ਹੋ ਜਾਏ ਕਿ ਮੈਂ ਪਿਆਰਿਆ

ਗਿਆ ਹਾਂ।'

ਵੀਨਾ ਇਹ ਸੁਣ ਕੇ ਹੱਸ ਪਈ।

ਮਨ ਚੁੱਪ ਰਿਹਾ।

"ਵੀਨਾ ਜੀ ਤੁਸੀਂ ਹੱਸੇ ਕਿਉਂ ?"

'ਪਤਾ ਨਹੀਂ !'

ਏਨੇ ਨੂੰ ਘੋੜਿਆਂ ਦੇ ਸੁੰਬਾਂ ਦੀ ਟਪ ਟਪ ਕਿਤੇ ਦੂਰ ਸੁਣਾਈ ਦਿੱਤੀ।

'ਦੁਸ਼ਮਨ' ਵੀਨਾ ਨੇ ਆਖਿਆ।

'ਸਵਾਧਾਨ ! ਹੁਸ਼ਿਆਪੁਰ!' ਮਨ ਨੇ ਆਪਣੇ ਆਪ ਨੂੰ ਸੰਭਾਲ ਕੇ ਆਖਿਆ।

'ਪਹਿਲਾਂ ਮੈਂ ਬੰਬ ਮਾਰਾਂਗਾ।'

"ਚੰਗਾ !"

ਟੱਪ ਟੱਪ ਨੇੜੇ ਆਉਂਦੀ ਗਈ। ਉਹ ਦੋਵੇਂ ਬਹਾਦਰੀ ਦਾ ਕੰਮ ਕਰਨ ਵਾਸਤੇ ਉਤਾਵਲੇ ਹੋ ਗਏ।

ਗੁਸੇ ਨਾਲ ਉਨ੍ਹਾਂ ਦੇ ਸਰੀਰ ਕੰਬਣ ਲੱਗੇ ਤੇ ਹਨੇਰੇ ਵਿੱਚ ਅੱਖਾਂ ਦੀ ਚਮਕ ਡਰਾਉਣੀ ਭਾਸ ਰਹੀ ਸੀ।

ਘੋੜਿਆਂ ਦੇ ਸੁੰਬਾਂ ਦੀ ਟੱਪ ਟੱਪ ਦੇ ਨਾਲ ਬੂਟਾਂ ਦੀ ਅਵਾਜ਼ ਵੀ ਆਈ। ਉਸ ਨੂੰ ਸੁਣ ਕੇ ਮਨ ਬੋਲਿਆ, 'ਘੋੜ ਸੁਵਾਰ ਤੇ ਪੈਦਲ ਫੌਜ ਹੈ। ਲਸ਼ਕਰ ਤਾਂ ਚੋਖਾ ਜਾਪਦਾ ਹੈ। ਜੇ ਨਸਣਾ ਹੋਇਆ ਤਾਂ ਉਪਰ ਨੂੰ ਜਾਣਾ ਤੇ ਬੰਬ ਕੋਲ ਰੱਖਣੇ।"

'ਚੰਗਾ ਜੀ !' ਵੀਨਾ ਨੇ ਉੱਤਰ ਦਿੱਤਾ।

ਘੋੜ ਸਵਾਰ ਮਨ ਤੇ ਵੀਨਾ ਦੇ ਦਾਅ ਹੇਠ ਆ ਗਏ ਚਾਰ ਕੁ ਅਗੇ ਲੰਘੇ ਤਾਂ ਮਨ ਨੇ ਡਿਗਾ ਕੇ ਫਟਨ ਵਾਲਾ ਬੰਬ ਸੁੱਟ ਦਿੱਤਾ। ਉਸ ਦੇ ਡਿੱਗਣ ਨਾਲ 'ਧੜਮ, ਠਾਹ' ਐਸੀ ਜ਼ੋਰ ਦੀ ਹੋਈ ਕਿ ਸਾਰਾ ਪਹਾੜ ਗੂੰਜ ਉਠਿਆ। ਘੋੜੇ ਡਰ ਕੇ ਨਸ ਉਠੇ। ਕੁਝ ਜਖਮੀ ਹੋ ਕੇ ਸਵਾਰਾਂ ਸਮੇਤ ਉਥੇ ਡਿੱਗ ਪਏ। ਇੱਕ ਪਾਸੇ ਪਰਬਤ ਸੀ ਤੇ ਦੂਸਰੇ ਪਾਸੇ ਡੂੰਘੀ ਖੱਡ ਸੀ। ਕੁਝ ਘੋੜੇ ਸਵਾਰਾਂ ਨੂੰ ਖਿਚ ਕੇ ਖੱਡ ਵਿੱਚ ਰਿੜ੍ਹ ਗਏ। ਤਿੰਨ ਕੁ ਮਿੰਟ ਪਿਛੋਂ ਇੱਕ ਹੋਰ ਬੰਬ ਫਟਿਆ। ਫਟੜਾਂ ਦੀਆਂ ਚਾਂਗਰਾਂ, ਘੋੜਿਆਂ ਦੀ ਤੜਫਾਹਟ ਤੇ ਹਿਣਕਣਾ, ਡਿਗਣਾ, ਬਚਾਓ! ਫੜ ਲਵੋ! ਤੇ ਹਵਾ ਵਿੱਚ ਬਿਨਾਂ ਨਿਸ਼ਾਨ ਦੇ ਬੰਦੂਕਾਂ ਦੀ ਤਿੜ-ਤਿੜ ਨੇ ਸੁਤੇ ਪਹਾੜ ਨੂੰ ਜਗਾ ਦਿੱਤਾ। ਗਿਦੜ, ਬਾਂਦਰ ਅਤੇ ਹੋਰ ਜਾਨਵਰ ਜਾਨਾਂ ਬਚਾਉਣ ਵਾਸਤੇ ਆਪੋ ਆਪਣੀਆਂ ਬੋਲੀਆਂ ਬੋਲਦੇ ਹੋਏ ਨਠ ਤੁਰੇ।

ਫੌਜੀਆਂ ਨੂੰ ਭਾਵੇਂ ਮਨ-ਵੀਨਾ ਦੇ ਟਕਾਣੇ ਦਾ ਪਤਾ ਨਾ ਲੱਗਾ, ਪਰ ਜਾਚਕੇ ਉਨ੍ਹਾਂ ਨੇ ਦੂਰੋਂ ਬੰਦੂਕਾਂ ਦੇ ਫਾਇਰ ਸ਼ੁਰੂ ਕੀਤੇ। ਦੋਹਾਂ ਨੂੰ ਪਤਾ ਲਗ ਗਿਆ ਕਿ ਪੈਦਲ ਸਿਪਾਹੀ ਪਿਛੇ ਰੁਕ ਗਏ ਨੇ। ਲੰਮੇ ਪੈਂਦੇ ਝਾੜੀਆਂ ਦੇ ਆਸਰੇ ਉਹ ਹੋਰ ਅੱਗੇ ਹੋਏ ਤੇ ਪੈਦਲ ਸਿਪਾਹੀਆਂ ਦੀ ਬਰੋਬਰ ਤੇ ਚਲੇ ਗਏ। ਅੱਖ ਦੇ ਫੋਰ ਵਿੱਚ ਹੇਠ ਉਤੇ ਚਾਰ ਬੰਬ ਸੁੱਟ ਦਿੱਤੇ। ਉਨ੍ਹਾਂ ਦਾ ਖੜਕਾ ਵਡੇ ਪਹਾੜ ਦੇ ਪਾਟਨ ਵਾਂਗ ਹੋਇਆ। ਦਸ ਦਸ ਮੀਲ ਤਕ ਅਵਾਜ਼ ਗਈ। ਮਨ ਤੇ ਵੀਨਾ ਨੇ ਸਮਝਿਆ ਕਿ ਹੁਣ ਉਨ੍ਹਾਂ ਦਾ ਕੰਮ ਹੋ ਗਿਆ ਹੈ। ਉਨ੍ਹਾਂ ਨੂੰ

ਖਿਸਕ ਜਾਣਾ ਹੀ ਚੰਗਾ ਹੈ। ਮਿੱਥੇ ਪਾਸੇ ਨੂੰ ਨੱਠ ਉੱਠੇ। ਪੰਦਰਾਂ ਮਿੰਟਾਂ ਵਿਚ ਦੀ ਫੌਜੀਆਂ ਦੀ ਮਾਰ ਤੇ ਪਹੁੰਚ ਤੋਂ ਦੂਰ ਕਲੇ ਗਏ। ਆਪਣੀ ਸ਼ਾਨਦਾਰ ਫਤਹ ਨੂੰ ਵੇਖਕੇ ਜੋੜੀ ਬਹੁਤ ਖੁਸ਼ ਹੋਈ ਤੇ ਸਵੇਰ ਹੋਣ ਤੋਂ ਪਹਿਲਾਂ ਹੀ ਬਾਬਾ ਜੀ ਕੋਲ ਜਾ ਪੁੱਜੀ।

## ੧੦.

ਰਾਤੋ ਰਾਤ ਖਬਰਾਂ ਹੁਸ਼ਿਆਰ ਪੁਰ ਪਹੁੰਚ ਗਈਆਂ ਕਿ ਬਾਗ਼ੀਆਂ ਨੇ ਬੰਬਾਂ ਨਾਲ ਫੌਜ ਦੇ ਇੱਕ ਦਸਤੇ ਨੂੰ ਉਡਾ ਦਿੱਤਾ ਹੈ। ਹੁਸ਼ਿਆਰ ਪੁਰ ਤੋਂ ਟੈਲੀਫੋਨ, ਵਾਰਲੈਸ ਅਤੇ ਟੈਲੀਗ੍ਰਾਫ ਰਾਹੀਂ ਲਾਹੌਰ ਤੇ ਦਿੱਲੀ ਵਿੱਚ ਵੀ ਖਬਰਾਂ ਪੁੱਜ ਗਈਆਂ। ਗਵਰਨਰ ਪੰਜਾਬ ਨੇ ਉਸੇ ਵੇਲੇ ਹੁਕਮ ਦਿੱਤਾ ਕਿ ਘਟਨਾ ਵਾਲੀ ਥਾਂ ਦੇ ਚਾਰ ਚਾਰ ਮੀਲ ਤਕ ਪਹਾੜ ਨੂੰ ਘੇਰ ਲਿਆ ਜਾਵੇ। ਸਾਰੇ ਰਾਹ ਬੰਦ ਕੀਤੇ ਜਾਣ। ਕੋਈ ਯਾਤਰੂ ਜਾਂ ਵਸਨੀਕ ਓਨਾਂ ਚਿਰ ਨਾ ਆਏ ਜਾਏ ਜਿੰਨਾ ਚਿਰ ਉਸ ਦ ਜਾਂਚ ਪੜਤਾਲ ਨਾ ਹੋ ਜਾਏ। ਇਕ ਸਿਆਣੇ ਅੰਗਰੇਜ਼ ਕਪਤਾਨ ਦੇ ਮਤਹਿਤ ਤਕੜਾ ਫੌਜੀ ਦਸਤਾ, ਤੋਪਖਾਨੇ ਸਮੇਤ ਭੇਜ ਦਿੱਤਾ ਗਿਆ। ਡਿਪਟੀ ਕਮਿਸ਼ਨਰ ਹੁਸ਼ਿਆਰ ਪੁਰ, ਨਵਾਂ ਸੁਪਰੀਟੈਂਡੈਂਟ ਪੁਲੀਸ ਅਤੇ ਹੋਰ ਅਫਸਰ ਵੀ ਪੁੱਜ ਗਏ।

ਡਿਪਟੀ ਕਮਿਸ਼ਨਰ ਦੀ ਹਾਜ਼ਰੀ ਵਿੱਚ ਜਦੋਂ ਮੁਰਦਾ ਫੌਜੀਆਂ ਦੀਆਂ ਲੋਥਾਂ ਇਕਠੀਆਂ ਕੀਤੀਆਂ ਗਈਆਂ ਤਾਂ ਉਹ ਗਿਣਤੀ ਵਿੱਚ ਅਸੀ ਸਨ। ਕਿਸੇ ਦੀ ਲਤ ਨਹੀਂ ਸੀ।

ਕਿਸੇ ਦਾ ਧੜ ਸੀ ਤੇ ਬਾਹੀਂ ਨਹੀਂ ਸਨ। ਕਿਸੇ ਦਾ ਧੜ ਸੀ ਤੇ ਸਿਰ ਨਾਲ ਹੀ ਨਹੀਂ ਸੀ । ਘੋੜੇ ਕੁਝ ਬੰਬਾਂ ਨਾਲ ਉਡ ਗਏ ਅਤੇ ਰਹਿੰਦੇ ਖੱਡਾਂ ਵਿਚ ਡਿਗ ਕੇ ਮਰ ਗਏ ਸਨ।

ਉਸ ਘਟਨਾ ਦੇ ਚਾਰ ਚਾਰ ਮੀਲ ਤਕ ਜਿੰਨੇ ਵੀ ਪਹਾੜੀਆਂ ਦੇ ਪਿੰਡ ਸਨ । ਉਨ੍ਹਾਂ ਨੂੰ ਘੇਰਾ ਪਾ ਲਿਆ ਤੇ ਬਾਰਾਂ ਸਾਲ ਦੇ ਬੱਚਿਆਂ ਤੋਂ ਸੱਠ ਸਾਲ ਦੀ ਉਮਰ ਦੇ ਬੁੱਢਿਆਂ ਨੂੰ ਧੁਪੇ ਬਿਠਾ ਬਿਠਾ ਕੇ ਪੁਛਣਾ ਸ਼ੁਰੂ ਕੀਤਾ ਕਿ ਦਸੋ ਬਾਗ਼ੀ ਕੌਣ ਹਨ ਤੇ ਕਿਥੇ ਹਨ। ਗਰੀਬ ਤੇ ਮਾਸੂਮ ਪਹਾੜੀਆਂ ਨੂੰ ਕੱਖ ਪਤਾ ਨਹੀਂ ਸੀ ਕਿ ਬਾਗ਼ੀ ਕੌਣ ਹਨ। ਬਗ਼ਾਵਤ ਦੇ ਕੀ ਅਰਥ ਹਨ। ਉਹ ਵਿਚਾਰੇ ਤਾਂ ਰਾਤ ਦਿਨੇ ਭੁੱਖ ਤੇ ਨੰਗ ਦੇ ਸੰਸੇ ਨਾਲ ਹੀ ਝੂਰਦੇ ਰਹਿੰਦੇ ਨੇ । ਉਨ੍ਹਾਂ ਵਿਚੋਂ ਕਈਆਂ ਨੂੰ ਪੁਠਿਆਂ ਟੰਗ ਟੰਗ ਕੇ ਮਾਰਿਆ ਸੀ। ਪਰ ਕਿਸੇ ਨੇ ਕੁਝ ਨਾ ਦੱਸਿਆ। ਦੋਹ ਕੁ ਆਦਮੀਆਂ ਨੇ ਡਰਦਿਆਂ ਹੋਇਆਂ ਗੁਫਾ ਦਾ ਪਤਾ ਦਸਿਆ। ਉਹ ਵੀ ਰੋਜ ਬਕਰੀਆਂ ਚਾਰਿਆ ਕਰਦੇ ਸਨ। ਜਦੋਂ ਗੁਫਾ ਫੋਲੀ ਗਈ ਤਾਂ ਉਹ ਖਾਲੀ ਸੀ।ਉਥੇ ਨਿਸ਼ਾਨ ਐਸੇ ਜ਼ਰੂਰ ਸਨ। ਜਿਨ੍ਹਾਂ ਤੋਂ ਪ੍ਰਗਟ ਹੁੰਦਾ ਸੀ ਕਿ ਉਥੇ ਕੋਈ ਨਾ ਕੋਈ ਰਹਿੰਦਾ ਜ਼ਰੂਰ ਰਿਹਾ ਸੀ।

ਛੇ ਕੁ ਪੈਰਾਂ ਦੇ ਨਿਸ਼ਾਨ ਦੇਖੇ ਤੇ ਰਖੇ ਗਏ। ਪਰ ਪਹਾੜ ਤੋਂ ਖੁਰਾ ਕਿਥੋਂ ਲੱਭੇ ? ਵੀਹ ਦਿਨ ਲਗਾਤਾਰ ਪ੍ਰਬਤ ਦਾ ਪੱਤਾ ਪੱਤਾ ਤੇ ਪੱਥਰ ਪੱਥਰ ਛਾਣ ਮਾਰਿਆ । ਪਰ ਬਾਗ਼ੀਆਂ ਦਾ ਕੋਈ ਸੁਰਾਖ ਨਾ ਮਿਲਿਆ। ਕਈਆਂ ਘਨੇ

ਜੰਗਲਾਂ ਵਿੱਚ ਹਵਾਈ ਜਹਾਜ ਰਾਹੀਂ ਇੱਕ ਦੋ ਬੰਬ ਵ
ਮਾਰੇ ਗਏ। ਜਿਨ੍ਹਾਂ ਦੀ ਅਗ ਨਾਲ ਜੰਗਲ ਲਟ ਲਟ ਬਲਹ
ਲਗ ਪਿਆ ਸੀ ਕਸੀ ਜੋ ਜੰਤ ਅੱਗ ਦੀ ਭੇਟ ਹੋ ਗਏ ਸਨ।

ਬਾਬਾ ਜੀ ਦੇ ਜਾਸੂਸਾਂ ਨੇ ਪਲ ੨ ਦੀ ਖਬਰ ਦਿੱਤੀ
ਸਾਰੇ ਜੁਆਨਾਂ ਨੂੰ ਐਸੇ ਲੁਕਵੇਂ ਤੇ ਗੁਪਤ ਅੱਡਿਆਂ ਉਤੇ
ਭੇਜਿਆ ਗਿਆ, ਜਿਥੋਂ ਕੋਈ ਜੋਤਸ਼ੀ ਵੀ ਨਹੀਂ ਸੀ ਲਭ
ਸਕਦਾ। ਉਨ੍ਹਾਂ ਦੇ ਅਨ ਦਸੇ ਹੀ ਇਕ ਸੰਨਿਆਸੀ ਦੇ ਭੇਸ
ਵਿਚ ਬਾਬਾ ਜੀ ਉਥੇ ਆ ਗਏ, ਜਿੱਥੇ ਅਫਸਰਾਂ ਦਾ ਅੱਡਾ
ਸੀ। ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਦੇਖਿਆ ਕਿ
ਨਿਰਦੋਸ਼ੇ ਹਿੰਦੁਸਤਾਨੀਆਂ ਨੂੰ ਅਨੇਕ ਤਰਾਂ ਦੇ ਤਸੀਹੇ ਦਿੱਤੇ
ਜਾ ਰਹੇ ਨੇ ਤਾਂ ਕਿ ਉਹ ਕੁਝ ਨਾ ਕੁਝ ਦਸਣ। ਇਕ
ਪਿੰਡ ਦੀਆਂ ਸਾਰੀਆਂ ਇਸਤ੍ਰੀਆਂ ਨੂੰ ਅਲਫ ਨੰਗੀਆਂ
ਕਰਕੇ ਧੁੱਪੇ ਬੈਠਾਇਆ ਹੋਇਆ ਸੀ। ਉਹ ਕੂੰਜਾਂ ਵਾਂਗ
ਕੁਰਲਾ ਰਹੀਆਂ ਸਨ। ਵਹਿਸ਼ੀਆਂ ਨਾਲੋਂ ਬੁਰਾ ਜ਼ੁਲਮ ਹੁੰਦਾ
ਦੇਖ ਕੇ ਬਾਬਾ ਜੀ ਦਾ ਮਨ ਭਰ ਆਇਆ। ਉਸ ਨੇ ਫੈਸਲਾ
ਕਰ ਲਿਆ ਕਿ ਉਹ ਸਾਰੇ ਦੋਸ਼ ਦੇ ਭਾਰ ਨੂੰ ਆਪਣੇ ਸਿਰ
ਚੁਕ ਲਵੇ ਤੇ ਅਫਸਰਾਂ ਦੇ ਪੇਸ਼ ਹੋਕੇ ਆਪਣੇ ਆਪ ਨੂੰ
ਉਨ੍ਹਾਂ ਦੇ ਹਵਾਲੇ ਕਰ ਦੇਵੇ।

ਬਾਬਾ ਜੀ ਨੇ ਇਹ ਵੀ ਸੁਣਿਆ ਕਿ ਅੰਗ੍ਰੇਜ਼ ਨੌਕਰ
ਸ਼ਾਹੀ ਦੇ ਕਰੰਦੇ ਤੇ ਸਿਪਾਹੀ ਕਿਸੇ ਦੀ ਇਜ਼ਤ, ਦੌਲਤ ਤੇ
ਵਰਤੋਂ ਵਾਲੀ ਕੋਈ ਚੀਜ਼ ਨਹੀਂ ਰਹਿਣ ਦੇਂਦੇ। ਸਾਰੇ
ਬਾਹਰੇ ਵਿਚ ਹਾਹਾਕਾਰ ਮਚ ਗਈ ਹੈ। ਅਸੀ ਸਿਪਾਹੀਆਂ

ਵਿਚ ਚਾਰ ਅੰਗਰੇਜ਼ ਸਨ। ਉਨ੍ਹਾਂ ਚੌਂਹਾਂ ਅੰਗਰੇਜ਼ਾਂ ਦੇ ਖ਼ੂਨ ਦਾ ਬਦਲਾ ਸਰਕਾਰ ਚਾਰ ਸੌ ਹਿੰਦੁਸਤਾਨੀ ਮਾਰ ਕੇ ਲੈਣਾ ਚਾਹੁੰਦੀ ਸੀ।

ਦਬਾ ਦਬ ਬਾਬਾ ਜੀ ਡਿਪਟੀ ਕਮਿਸ਼ਨਰ ਦੇ ਅਗੇ ਜਾ ਖਲੋਤੇ। ਰਾਹ ਵਿੱਚ ਕਈਆਂ ਨੇ ਉਸ ਨੂੰ ਰੋਕਿਆ, ਪਰ ਉਹ ਨਾ ਰੁਕੇ ਤੇ ਤੁਰੇ ਆਏ।

'ਸਾਹਿਬ ਬਹਾਦਰ! ਜਨਤਾ ਨੂੰ ਕਿਉਂ ਮਾਰਿਆ ਤੇ ਬੇ-ਇਜ਼ਤ ਕੀਤਾ ਜਾ ਰਿਹਾ ਹੈ?' ਬਾਬਾ ਜੀ ਨੇ ਡਿਪਟੀ ਕਮਿਸ਼ਨਰ ਕੋਲੋਂ ਪੁਛਿਆ। ਇਹ ਪੁਛਣ ਵੇਲੇ ਬਾਬੇ ਦਾ ਚੇਹਰਾ ਲਾਲ ਸੁਰਖ ਸੀ ਤੇ ਅੱਖਾਂ ਵਿਚੋਂ ਲਾਲ ਚੰਗਿਆੜੇ ਨਿਕਲ ਰਹੇ ਸਨ।

'ਤੁਮ ਕੌਨ ਹੋ? ਕਹਾਂ ਸੇ ਆਏ?' ਡਿਪਟੀ ਨੇ ਪੁਛਿਆ।

'ਸਾਹਬ ਬਹਾਦਰ ਮੈਂ ਭਗਵਾਨ ਦਾ ਬੰਦਾ ਹਾਂ। ਮੈਂ ਇਹ ਜ਼ੁਲਮ ਨਹੀਂ ਦੇਖ ਸਕਦਾ।'

'ਤੁਮ ਫਿਰ ਬਤਾਓ ਬਾਗ਼ੀ ਲੋਕ ਕਹਾਂ ਨੇ? ਉਨ੍ਹਾਂ ਨੇ ਹਮਾਰੀ ਫੌਜ ਮਾਰਦੀ। ਹਮ ਬਦਲਾ ਲੇਗਾ।'

'ਬਾਗ਼ੀ।'

'ਹਾਂ ਬਾਗ਼ੀ।'

'ਮੈਂ ਹੂੰ ਬਾਗ਼ੀ! ਮੈਨੂੰ ਫੜ ਲਵੋ। ਬੰਬ ਮੈਂ ਮਾਰੇ ਹਨ। ਮੈਂ ਹਾਂ ਜਿਸ ਨੇ ਆਪਣੇ ਦੇਸ਼ ਭਗਤ ਵੀਰਾਂ ਦੇ ਖ਼ੂਨ ਦਾ ਬਦਲਾ ਲਿਆ ਹੈ।' ਇੰਨਾ ਆਖਦਿਆਂ ਹੋਇਆਂ ਬਾਬੇ ਦੇ

ਚੇਹਰੇ ਤੇ ਐਸਾ ਜਲਾਲ ਆਇਆ ਜੋ ਡੁਬਦੇ ਸੂਰਜ ਨਾਲੋਂ
ਬਹੁਤਾ ਲਾਲ ਸੀ।

ਡਿਪਟੀ ਕਮਿਸ਼ਨਰ ਦੇ ਲਾਗੇ ਐਸ.ਐਸ.ਪੀ. ਬੈਠ
ਸੀ। ਉਸ ਨੇ ਇਹ ਸੁਣ ਕੇ ਆਖਿਆ, 'ਤੁਮ ਹੋਸ਼ ਮੇਂ ਹੋ
ਹੈਂ! ਕਿਹਾ ਤੁਮ ਬਾਗ਼ੀ ਹੋ?'

'ਹਾਂ ਸਾਹਿਬ ਮੈਂ ਬਾਗ਼ੀ ਹਾਂ!'

'ਤੁਮਾਰਾ ਨਾਮ।'

'ਪਹਾੜੀ ਸ਼ੇਰ!'

'ਹੈਂ ਪਹਾੜੀ ਸ਼ਰ।"

'ਹੈਂ ਪਹਾੜੀ ਸ਼ੇਰ! ਪਹਾੜੀ ਸ਼ੇਰ ਤੁਮ ਤੁਮ।'

ਡਿਪਟੀ ਤੇ ਐਸ.ਐਸ. ਪੀ ਤ੍ਰਬਕ ਕੇ ਉੱਠ ਬੈਠੇ
ਪਹਾੜੀ ਸ਼ੇਰ ਦੇ ਨਾਂ ਤੋਂ ਸਦਾ ਡਰਦੇ ਰਹਿੰਦੇ ਸਨ। ਉਸ
ਵੇਲੇ ਉਨ੍ਹਾਂ ਨੇ ਬਾਬਾ ਜੀ ਦੀਆਂ ਬਾਹੀਂ ਫੜ ਲਈਆਂ
ਬਾਬਾ ਜੀ ਚੁੱਪ ਚਾਪ ਖਲੋਤੇ ਮੁਸਕਰਾਉਂਦੇ ਰਹੇ।

"ਤੁਮ ਨੇ ਮਾਰਾ...ਕਿਸ ਕੇ ਸਾਥ ਮਾਰਾ?'

'ਮੈਨੂੰ ਛੱਡ ਦਿਓ। ਮੈਂ ਨਸਦਾ ਨਹੀਂ, ਦਸਦਾ ਹਾਂ।'

'ਨਹੀਂ ਛੋਡੇ ਗਏ ਨਹੀਂ ਦਸੋ!'

ਬਾਬਾ ਜੀ ਨੇ ਹੱਥੋਂ ਚਿੱਪੀ ਜ਼ਮੀਨ ਤੇ ਸੁੱਟ ਦਿੱਤੀ
ਉਸ ਦੇ ਡਿੱਗਣ ਉਤੇ ਬੰਬ ਫਟ ਗਿਆ। ਉਸ ਬੰਬ ਦੇ ਫਟਣ
ਨਾਲ ਬਾਬਾ ਜੀ, ਡਿਪਟੀ ਕਮਿਸ਼ਨਰ ਤੇ ਐਸ. ਐਸ. ਪੀ
ਸਾਹਬ ਜ਼ਖਮੀ ਹੋਏ। ਮਰੇ ਨਾ, ਕਿਉਂਕਿ ਉਹ ਮਾਮੂਲੀ
ਕਿਸਮ ਦਾ ਬੰਬ ਸੀ। ਉਸੇ ਵੇਲੇ ਹਲ ਚਲ ਮਚ ਗਈ

ਸਿਪਾਹੀਆਂ ਨੇ ਬਾਬਾ ਜੀਨੂੰ ਨੱਪ ਲਿਆ। ਡਿਪਟੀ ਕਮਿਸ਼ਨਰ ਤੇ ਐਸ.ਐਸ. ਪੀ ਦੀ ਜਾਨ ਬਚਾਉਣ ਵਾਸਤੇ ਫੌਜੀ ਡਾਕਟਰ ਨੂੰ ਸਦਿਆ ਗਿਆ। ਬਾਬੇ ਦੀ ਦਲੇਰੀ ਉਤੇ ਹਿੰਦੁਸਤਾਨੀ ਸਿਪਾਹੀ ਖੁਸ਼ ਸਨ। ਪਰ ਅੰਗ੍ਰੇਜ਼ ਅਫਸਰਾਂ ਨੂੰ ਖੁਸ਼ ਰਖਣ ਖਾਤਰ ਬਾਬਾ ਜੀ ਨੂੰ ਬੁਰਾ ਭਲਾ ਵੀ ਆਖੀ ਜਾਂਦੇ ਸਨ।

ਫੌਜ ਦੀ ਕਰੜੀ ਰਾਖੀ ਨਾਲ ਬਾਬਾ ਜੀ ਨੂੰ ਲਾਰੀ ਵਿਚ ਸੁਟਿਆ ਤੇ ਲਾਹੌਰ ਨੂੰ ਤੋਰਿਆ ਗਿਆ ਤਾਂ ਕਿ ਰਾਜੀ ਕਰਕੇ ਬਾਗ਼ੀਆਂ ਦੇ ਨਾਮ ਟਕਾਣੇ ਦਾ ਪਤਾ ਕੀਤਾ ਜਾਏ।

ਅਗਲੇ ਦਿਨ ਹਿੰਦੁਸਤਾਨ ਦੇ ਸਾਰੇ ਅਖਬਾਰਾਂ ਵਿੱਚ ਮੋਟੇ ਸਿਰਲੇਖਾਂ ਨਾਲ ਖਬਰ ਛਪੀ-"ਮਸ਼ਹੂਰ ਇੰਨਕਲਾਬੀ ਮਰਦ ਪਹਾੜੀ ਸ਼ੇਰ ਗ੍ਰਿਫਤਾਰ ਹੋ ਗਿਆ। ਬੰਬ ਨਾਲ ਉਸ ਨੇ ਆਪਣੇ ਆਪ, ਡਿਪਟੀ ਕਮਿਸ਼ਨਰ ਸਾਹਬ ਬਹਾਦਰ ਤੇ ਕਪਤਾਨ ਪੁਲੀਸ ਹੁਸ਼ਿਆਰ ਪੁਰ ਨੂੰ ਮਾਰਨ ਦਾ ਯਤਨ ਕੀਤਾ। ਤਿੰਨੋ ਫਟੜ ਹੋਏ, ਨਿਊ ਹਸਪਤਾਲ ਲਾਹੌਰ ਵਿੱਚ ਪੁੱਜ ਗਏ ਨੇ।

ਚੇਹਰੇ ਤੇ ਐਸਾ ਜਲਾਲ ਆਇਆ ਜੋ ਡੁਬਦੇ ਸੂਰਜ ਨਾਲੋਂ ਬਹੁਤਾ ਲਾਲ ਸੀ।

ਡਿਪਟੀ ਕਮਿਸ਼ਨਰ ਦੇ ਲਾਗੇ ਐਸ.ਐਸ.ਪੀ. ਬੈਠਾ ਸੀ। ਉਸ ਨੇ ਇਹ ਸੁਣ ਕੇ ਆਖਿਆ, 'ਤੁਮ ਹੋਸ਼ ਮੇਂ ਤੋ ਹੈਂ ! ਕਿਹਾ ਤੁਮ ਬਾਗ਼ੀ ਹੋ ?'

'ਹਾਂ ਸਾਹਿਬ ਮੈਂ ਬਾਗ਼ੀ ਹਾਂ !'

'ਤੁਮਾਰਾ ਨਾਮ।'

'ਪਹਾੜੀ ਸ਼ੇਰ !'

'ਹੈਂ ਪਹਾੜੀ ਸ਼ੇਰ।"

'ਹੈਂ ਪਹਾੜੀ ਸ਼ੇਰ ! ਪਹਾੜੀ ਸ਼ੇਰ ਤੁਮ ਤੁਮ।'

ਡਿਪਟੀ ਤੇ ਐਸ.ਐਸ. ਪੀ ਤ੍ਰੱਬਕ ਕੇ ਉੱਠ ਬੈਠੇ। ਪਹਾੜੀ ਸ਼ੇਰ ਦੇ ਨਾਂ ਤੋਂ ਸਦਾ ਡਰਦੇ ਰਹਿੰਦੇ ਸਨ। ਉਸ ਵੇਲੇ ਉਨ੍ਹਾਂ ਨੇ ਬਾਬਾ ਜੀ ਦੀਆਂ ਬਾਂਹੀਂ ਫੜ ਲਈਆਂ। ਬਾਬਾ ਜੀ ਚੁੱਪ ਚਾਪ ਖਲੋਤੇ ਮੁਸਕਰਾਉਂਦੇ ਰਹੇ।

"ਤੁਮ ਨੇ ਮਾਰਾ...ਕਿਸ ਕੇ ਸਾਬ ਮਾਰਾ ?'

'ਮੈਨੂੰ ਛੱਡ ਦਿਓ। ਮੈਂ ਨਸਦਾ ਨਹੀਂ, ਦਸਦਾ ਹਾਂ।'

'ਨਹੀਂ ਛੋਡੇ ਗਏ ਨਹੀਂ ਦਸੋ !'

ਬਾਬਾ ਜੀ ਨੇ ਹੱਥੋਂ ਚਿੱਪੀ ਜ਼ਮੀਨ ਤੇ ਸੁੱਟ ਦਿੱਤੀ। ਉਸ ਦੇ ਡਿੱਗਣ ਉਤੇ ਬੰਬ ਫਟ ਗਿਆ। ਉਸ ਬੰਬ ਦੇ ਫਟਨ ਨਾਲ ਬਾਬਾ ਜੀ, ਡਿਪਟੀ ਕਮਿਸ਼ਨਰ ਤੇ ਐਸ. ਐਸ. ਪੀ ਸਾਹਬ ਜ਼ਖਮੀ ਹੋਏ। ਮਰੇ ਨਾ, ਕਿਉਂਕਿ ਉਹ ਮਾਮੂਲੀ ਕਿਸਮ ਦਾ ਬੰਬ ਸੀ। ਉਸੇ ਵੇਲੇ ਹਲ ਚਲ ਮਚ ਗਈ।

ਸਿਪਾਹੀਆਂ ਨੇ ਬਾਬਾ ਜੀਨੂੰ ਨੱਪ ਲਿਆ। ਡਿਪਟੀ ਕਮਿਸ਼ਨਰ ਤੇ ਐਸ.ਐਸ. ਪੀ ਦੀ ਜਾਨ ਬਚਾਉਣ ਵਾਸਤੇ ਫੌਜੀ ਡਾਕਟਰ ਨੂੰ ਸਦਿਆ ਗਿਆ। ਬਾਬੇ ਦੀ ਦਲੇਰੀ ਉਤੇ ਹਿੰਦੁਸਤਾਨੀ ਸਿਪਾਹੀ ਖੁਸ਼ ਸਨ। ਪਰ ਅੰਗ੍ਰੇਜ਼ ਅਫਸਰਾਂ ਨੂੰ ਖੁਸ਼ ਰਖਣ ਖਾਤਰ ਬਾਬਾ ਜੀ ਨੂੰ ਬੁਰਾ ਭਲਾ ਵੀ ਆਖੀ ਜਾਂਦੇ ਸਨ।

ਫੌਜ ਦੀ ਕਰੜੀ ਰਾਖੀ ਨਾਲ ਬਾਬਾ ਜੀ ਨੂੰ ਲਾਰੀ ਵਿਚ ਸੁਟਿਆ ਤੇ ਲਾਹੌਰ ਨੂੰ ਤੋਰਿਆ ਗਿਆ ਤਾਂ ਕਿ ਰਾਜੀ ਕਰਕੇ ਬਾਗ਼ੀਆਂ ਦੇ ਨਾਮ ਟਕਾਣੇ ਦਾ ਪਤਾ ਕੀਤਾ ਜਾਏ।

ਅਗਲੇ ਦਿਨ ਹਿੰਦੁਸਤਾਨ ਦੇ ਸਾਰੇ ਅਖਬਾਰਾਂ ਵਿੱਚ ਮੋਟੇ ਸਿਰਲੇਖਾਂ ਨਾਲ ਖਬਰ ਛਪੀ-“ਮਸ਼ਹੂਰ ਇੰਨਕਲਾਬੀ ਮਰਦ ਪਹਾੜੀ ਸ਼ੇਰ ਗ੍ਰਿਫਤਾਰ ਹੋ ਗਿਆ। ਬੰਬ ਨਾਲ ਉਸ ਨੇ ਆਪਣੇ ਆਪ, ਡਿਪਟੀ ਕਮਿਸ਼ਨਰ ਸਾਹਬ ਬਹਾਦਰ ਤੇ ਕਪਤਾਨ ਪੁਲੀਸ ਹੁਸ਼ਿਆਰ ਪੁਰ ਨੂੰ ਮਾਰਨ ਦਾ ਯਤਨ ਕੀਤਾ। ਤਿੰਨੇ ਫਟੜ ਹੋਏ, ਨਿਉ ਹਸਪਤਾਲ ਲਾਹੌਰ ਵਿੱਚ ਪੁੱਜ ਗਏ ਨੇ।

## ੧੧.

'ਪਹਾੜੀ ਸ਼ੇਰ' ਦੀ ਗ੍ਰਿਫਤਾਰੀ ਦੇ ਪਿਛੋਂ ਡੇਹਰਾ ਬਾਬਾ ਵਡਭਾਗ ਸਿੰਘ ਦੀਆਂ ਪਹਾੜੀਆਂ ਵਿਚ ਅਮਨ ਹੋ ਗਿਆ। ਕੁਝ.ਕੁ ਥਾਵਾਂ ਉਤੇ ਚੌਂਕੀਆਂ ਬਿਠਾਈਆਂ ਗਈਆਂ ਤੇ ਬਾਕੀ ਫੌਜ ਵਾਪਸ ਛਾਉਣੀਆਂ ਵਲ ਮੁੜ ਆਈ। ਜੋ ਪੇਂਡੂ ਕਿਸਾਨ ਫੜੇ ਸਨ, ਉਨ੍ਹਾਂ ਨੂੰ ਛੱਡ ਦਿੱਤਾ, ਪਰ ਬੜਾ ਰੋਹਬ ਪਾਕੇ ਤਾਂਕਿ ਕਦੀ ਜਦੋਂ ਦੇਸ਼ ਭਗਤੀ ਦੀ ਕੋਈ ਲਹਿਰ ਚਲੇ ਤਾਂ ਉਹ ਹਿੱਸਾ ਨਾ ਲੈਣ। ਹਕੂਮਤ ਦੇ ਕਿਸੇ ਵਿਰੋਧੀ ਨੂੰ ਥਾਂ ਨਾ ਦੇਣ। ਜੇ ਕੋਈ ਮਲੋ ਮਲੀ ਰਹੇ ਵੀ ਤਾਂ ਨੇੜੇ ਦੇ ਪੁਲੀਸ ਸਟੇਸ਼ਨ ਤੇ ਜਾਕੇ ਇਤਲਾਹ ਦਿਓ। ਉਨ੍ਹਾਂ ਡਰਦਿਆਂ ਸਾਰੀਆਂ ਸ਼ਰਤਾਂ ਮੰਨ ਲਈਆਂ। ਨਿਰਾਦਰੀ, ਲੁਟ, ਉਜਾੜਾ ਅਤੇ ਮਾਰ ਕੁਟਾਈ ਬਾਰੇ ਕਿਸੇ ਅਫਸਰ ਨੂੰ ਕੋਈ ਪੁਛ ਪੜਤਾਲ ਨਾ ਹੋਈ। ਉਹ ਗਰੀਬਾਂ ਨੇ ਧੜਕਦੀਆਂ ਛਾਤੀਆਂ ਵਿੱਚ ਹੀ ਨੱਪ ਲਈ।

ਜਨ, ਮਨ, ਗਨ, ਜੀਵਨ ਮੂਰਤੀ, ਬਾਗ਼ੀ ਸੁੰਦਰੀ ਤੇ ਵੀਨਾ ਨੂੰ ਜਦੋਂ ਪਤਾ ਲੱਗਾ, ਕਿ ਬਾਬਾ ਜੀ ਆਪ ਫੌਜ ਦੇ ਸਾਹਮਣੇ ਪੇਸ਼ ਹੋ ਗਏ ਹਨ ਅਤੇ ਉਨ੍ਹਾਂ ਨੇ ਦਸ ਦਿੱਤਾ ਹੈ ਕਿ

'ਪਹਾੜੀ ਸ਼ੇਰ' ਉਹੋ ਹੀ ਹਨ। ਤਾਂ ਉਨ੍ਹਾਂ ਨੇ ਇਕ ਇੱਕਤ੍ਰਤਾ ਕੀਤੀ। ਲੰਮੀ ਬਹਿਸ ਦੇ ਪਿਛੋਂ ਤਹਿ ਕੀਤਾ ਕਿ ਅੱਗੇ ਨੂੰ ਖੂਨੀ-ਕਰਮ ਬੰਦ ਕੀਤਾ ਜਾਏ। ਵਡੇ ਵਡੇ ਸ਼ਹਿਰਾਂ ਤੇ ਕਸਬਿਆਂ ਵਿਚ ਡੇਰੇ ਲਾ ਕੇ ਅੰਗ੍ਰੇਜ਼ ਫਿਰਕਾ ਦੀ ਵਿਰੋਧਤਾ ਦੀ ਅੱਗ ਸੁਲਗਾਈ ਜਾਏ। ਜਨਤਾ ਨੂੰ ਜਾਗਰਤ ਵਿਚ ਲਿਆਉਣ ਵਾਸਤੇ ਪ੍ਰਚਾਰ ਕੀਤਾ ਜਾਏ। ਪੁਲੀਸ ਦੇ ਧਕੇ ਅਤੇ ਅਫਸਰਾਂ ਦੀ ਲੁਟ-ਖਸੁਟ ਦੇ ਵਿਰੁਧ ਅਵਾਜ ਉਠਾਈ ਜਾਵੇ। ਜੋ ਹਥਿਆਰ ਹਨ ਇਹ ਕਿਸੇ ਗੁਪਤ ਥਾਂ ਉਤੇ ਹੁਣ ਨਪ ਦਿੱਤੇ ਜਾਣ ਤੇ ਹੌਲੀ ਹੌਲੀ ਇਨ੍ਹਾਂ ਨੂੰ ਸ਼ਹਿਰਾਂ ਵਿੱਚ ਲਿਜਾ ਕੇ ਜੇ ਲੋੜ ਪਵੇ ਤਾਂ ਵਰਤਿਆ ਵੀ ਜ਼ਰੂਰ ਜਾਏ। ਪਰ ਹੁਣ ਇਨ੍ਹਾਂ ਦੀ ਵਰਤੋਂ ਜ਼ਰੂਰੀ ਨਹੀਂ। ਵੀਨਾ ਬਾਬਾ ਜੀ ਨਾਲ ਮੁਲਾਕਾਤ ਕਰੇ। ਨਾਲ ਜਿਸ ਨੂੰ ਚਾਹੇ ਲੈ ਜਾਏ ਤੇ ਬਾਕੀ ਦੇ ਵੀ ਲਾਹੌਰ ਪੁੱਜ ਜਾਣ, ਪਰ ਪ੍ਰਗਟ ਨਾ ਹੋਣ। ਭੇਸ ਤੇ ਨਾਂ ਬਦਲ ਕੇ ਕੰਮ ਕਰਨ। ਉਹ ਸੁਵਾਲ ਤੇ ਆ ਕੇ ਬਾਗੀ ਸੁੰਦਰੀ ਨੇ ਆਖਿਆ, "ਮਰਦ ਤਾਂ ਨਾਂ ਤੇ ਭੇਸ ਬਦਲ ਸਕਦਾ ਹੈ। ਪਰ ਇਕ ਔਰਤ ਕੀ ਕਰ ਸਕਦੀ ਹੈ? ਨਾਂ ਤਾਂ ਭਲਾ ਬਦਲ ਲਿਆ ਭੇਸ ਕਿਵੇਂ ਬਦਲੇਗੀ।"

ਸਾਰੇ ਸੋਚ ਕੇ, "ਗਲ ਤਾਂ ਠੀਕ ਹੈ। ਫਿਰ ਕੁਝ ਨਾ ਕੁਝ ਤਾਂ ਜ਼ਰੂਰ ਸੋਚਣਾ ਹੋਵੇਗਾ।"

ਇਕ ਗਭਰੂ, 'ਔਰਤ ਵਾਸਤੇ ਗੁਪਤ ਰਹਿਣ ਦੀਆਂ ਦੋ ਹੀ ਗੱਲਾਂ ਹਨ।"

ਸਾਰੇ ਕਾਹਲੀ ਨਾਲ, 'ਉਹ ਕੀ?'

ਉਹ ਗਭਰੂ—'ਜਾਂ ਤਾਂ ਮੁਸਲਮਾਨੀਆਂ ਵਾਂਗ ਬੁਰਕਾ ਪਾਕੇ ਤੁਰੇ ਤੇ ਪੜਦੇ ਵਿਚ ਰਹੇ। ਜਾਂ ਕਿਸੇ ਮਹਲੇ ਵਿਚ ਕ੍ਰਹਿਸਤਾਨ ਬਣ ਕੇ ਬੈਠੇ।'

ਇਕ ਹੋਰ—'ਇਸ ਦਾ ਭਾਵ ਇਹ ਹੋਇਆ ਕਿ ਇਹ ਆਪਣੇ ਆਪ ਨੂੰ ਵਿਆਹੀ ਹੋਈ ਸਾਬਤ ਕਰੇ। ਜੋ ਇਸ ਕੋਲ ਸਾਡੇ ਵਿਚੋਂ ਰਹੇ ਉਹ ਆਪਣੇ ਆਪ ਨੂੰ ਇਸ ਦਾ ਪਤੀ ਸਾਬਤ ਕਰੇ।

ਪਹਿਲਾ, 'ਜਿਵੇਂ ਮਰਜ਼ੀ ਖਿਆਲ ਕਰੋ।'

ਬਾਗ਼ੀ ਸੁੰਦਰੀ ਹਸਕੇ, 'ਚਲੋ ਇਹ ਮਾਮਲਾ ਮੇਰੇ ਉਤੇ ਛਡ ਦਿਓ। ਮੈਂ ਆਪੇ ਨਜਿੱਠ ਲਵਾਂਗੀ।'

ਇਹ ਵੀ ਫੈਸਲਾ ਹੋਇਆ ਕਿ ਸਾਰੇ ਇਕਠੇ ਨਾ ਜਾਣ ਸਗੋਂ, ਵਖਰੇ ਵਖਰੇ ਰਾਹ ਇਕੱਲਾ ਇਕੱਲਾ ਜਾਂ ਦੋ ਦੋ ਜਾਣ। ਕੋਈ ਸਾਧੂ ਬਣਕੇ, ਕੋਈ ਸੂਟਿਡ-ਬੂਟਿਡ ਬਾਬੂ ਬਣ ਕੇ ਤੇ ਕੋਈ ਮਾਮੂਲੀ ਕਿਸਾਨ ਦਾ ਭੇਸ ਧਾਰ ਕੇ। ਜੇ ਕਦੀ ਕੋਈ ਫੜਿਆ ਜਾਏ ਤਾਂ ਉਹ ਸਾਥੀਆਂ ਦਾ ਨਾਂ ਨਾ ਲਵੇ। ਇਉਂ ਪਕੀਆਂ ਪਕਾ ਕੇ ਖੂਨੀ ਇੰਨਕਲਾਬੀ ਦਲ ਦਾ ਅੰਤ ਹੋਇਆ। ਪਰ ਉਸ ਦੀ ਕੀਤੀ ਸੇਵਾ ਇਤਿਹਾਸ ਦੇ ਸੁਨਹਿਰੀ ਵਰਕਿਆਂ ਉਤੇ ਲਿੱਖਣ ਵਾਲੀ ਹੈ।

# ੧੨.

ਜਿਵੇਂ ਦਰਿਆ ਵਿੱਚ ਰੁੜ੍ਹਿਆ ਜਾਂਦਾ ਕਿਸੇ ਲਕੜੀ ਦਾ ਟੋਟਾ ਡੋਲਦਾ ਹੈ, ਤਿਵੇਂ ਮਨੁਖ ਮਨ ਸਮੇਂ ਤੇ ਵਲਵਲੇ ਦੀ ਹਵਾ ਨਾਲ ਡੋਲਦਾ ਰਹਿੰਦਾ ਹੈ। ਜੇ ਕਿਸੇ ਦਾ ਮਨ ਅਡੋਲ ਤੇ ਸ਼ਾਂਤ ਹੋ ਜਾਏ ਤਾਂ ਉਹ ਮਨੁਖ ਦੇਵਤਾ ਬਣ ਜਾਂਦਾ ਹੈ। ਪਲ ਵਿਚ ਕੁਝ ਤੇ ਪਲ ਵਿਚ ਕੁਝ ਹੁੰਦਾ ਰਹਿੰਦਾ ਹੈ।

ਰਾਤ ਦਾ ਵੇਲਾ ਸੀ। ਹਨੇਰੀ ਰਾਤ ਜਿਸ ਵਿਚ ਹਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ। ਵੀਨਾ ਤੇ ਮਨ ਹਾਜ਼ੀਪੁਰ ਦੀ ਧਰਮਸਾਲਾ ਦੇ ਬਰਾਂਡੇ ਵਿਚ ਭੌਂ ਉੱਤੇ ਬਿਸਤ੍ਰੇ ਕਰਕੇ ਬੈਠੇ ਹੋਏ ਸਨ। ਵਤਨ ਦੇ ਆਜ਼ਾਦ ਕਰਾਉਣ ਦੀ ਜੰਗ ਨੂੰ ਅਧੂਰੀ ਛੱਡ ਕੇ ਹੀ ਪਾਰਟੀ ਤੋਂ ਦੂਰ ਇਕੱਲੇ ਸਨ। ਧਰਮ ਸਾਲਾ ਵਿਚ ਯਾਤਰੂ ਬਹੁਤੇ ਨਹੀਂ ਸਨ। ਸਿਰਫ ਇੱਕ ਦੋ ਯਾਤਰੂ ਸਨ। ਉਨ੍ਹਾਂ ਯਾਤਰੂਆਂ ਵਿੱਚ ਇੱਕ ਐਸਾ ਸੀ, ਜੋ ਦਸ, ਪੰਦਰਾਂ ਮਿੰਟ ਪਿੱਛੋਂ ਖੰਘਦਾ ਸੀ। ਉਸ ਤੋਂ ਪਰੇ ਇੱਕ ਮੋਮਬਤੀ ਜਗਦੀ ਸੀ। ਉਸ ਦੀ ਲੋਅ ਨਾਲ ਮਧਮ ਜੇਹਾ ਚਾਨਣ ਸਾਰੀ ਧਰਮ ਸਾਲਾ ਵਿਚ ਸੀ। ਉਸ ਚਾਨਣ ਵਿਚ ਦੂਰ ਬੈਠੇ ਦਾ ਚਿਹਰਾ ਨਹੀਂ ਸੀ ਸਿਆਣਿਆਂ ਜਾਂਦਾ।

ਵੀਨਾ ਤੇ ਮਨ ਖਤਰੇ ਤੋਂ ਦੂਰ ਨਹੀਂ ਸਨ ਹੋਏ ਭਾਵੇਂ ਦੋਹਾਂ ਨੇ ਬਹੁਤ ਲੰਮੇਰਾ ਪੰਧ ਕੀਤਾ ਸੀ। ਦੋਹਾਂ ਦੇ ਲੀੜੇ ਸਧਾਰਨ ਸਨ ਤੇ ਪਹਾੜੀ ਪੇਂਡੂ ਲਿਬਾਸ ਪਹਿਨਿਆਂ।

'ਮੈਂ ਤਾਂ ਬਹੁਤ ਥੱਕ ਗਈ ਆਂ। ਪੈਰਾਂ ਦੀਆਂ ਤਲੀਆਂ ਦੁਖਦੀਆਂ ਹਨ।' ਵੀਨਾ ਨੇ ਕਿਆ।

"ਪੈਰਾਂ ਦੀਆਂ ਤਲੀਆਂ ਤਾਂ ਦੁਖਣੀਆਂ ਹੋਈਆਂ ਕੁਰਾਹੇ ਦਾ ਲੰਮੇਰਾ ਪੰਧ; ਕਦੀ ਵਟਿਆਂ ਉਤੇ ਤੁਰਨਾ ਤੇ ਕਦੀ ਪਾਣੀ ਵਿਚ। ਮੈਂ ਤਾਂ ਆਖਦਾ ਹਾਂ ਕਿ ਤੁਸਾਂ ਦਾ ਬਹੁਤ ਹੌਂਸਲਾ ਹੈ। ਮਰਦਾਂ ਨਾਲੋਂ ਵੀ ਵਧ।' ਮਨ ਦਾ ਉੱਤਰ ਸੀ।

'ਕਿੰਨਾ ਕੁ ਪੈਂਡਾ ਕੀਤਾ ਹੋਵੇਗਾ?'

"ਏਹੋ ਕੋਈ ਤੀਹ, ਪੈਂਸੀ ਮੀਲ।"

"ਫਿਰ ਕਿਹੜਾ ਬਹੁਤਾ ਹੈ। ਪਿਛਲੇ ਮਹੀਨੇ ਜਦੋਂ ਬਿਲਾਸਪੁਰ ਨੂੰ ਗਏ ਸਾਂ ਤਾਂ ਪੂਰਾ ਚਾਲੀ ਮੀਲ ਪੈਂਡਾ ਕੀਤਾ ਸੀ। ਅੱਠ ਮੀਲ ਦੀ ਚੜ੍ਹਾਈ ਵੀ ਸੀ।'

''ਇਨ੍ਹਾਂ ਕਠਣ ਘਾਲਾਂ ਦਾ ਫਲ ਕਦੀ ਮਿਲੇਗਾ।'

'ਫਲ ਮਿਲੇ ਜਾਂ ਨਾ ਮਿਲੇ। ਭਾਰਤ ਦੇ ਹਰ ਨੌਜਵਾਨ ਦਾ ਪਰਮ ਧਰਮ ਹੈ ਕਿ ਉਹ ਦੇਸ਼ ਦੀ ਆਜ਼ਾਦੀ ਤੇ ਉਸਾਰੂ ਕੰਮਾਂ ਵਿੱਚ ਵਧ ਤੋਂ ਵਧ ਕੁਰਬਾਨੀ ਕਰੇ।"

'ਇਹ ਠੀਕ ਹੈ। ਕੁਰਬਾਨੀ ਤੋਂ ਬਿਨਾ ਕਦੀ ਕੋਈ ਦੇਸ਼ ਆਜ਼ਾਦ ਨਹੀਂ ਹੁੰਦਾ। ਆਰਲੈਂਡ, ਫਰਾਂਸ ਤੇ ਰੂਸ ਦੀ ਜਨਤਾ ਨੂੰ ਬੇਅੰਤ ਕੁਰਬਾਨੀਆਂ ਕਰਨੀਆਂ ਪਈਆਂ ਹਨ। ਅਨੇਕਾਂ ਮੁਟਿਆਰਾਂ ਤੇ ਗਭਰੂਆਂ ਨੇ ਆਪਣੀਆਂ ਜਵਾਨੀਆਂ

ਤਬਾਹ ਕੀਤੀਆਂ। ਦੁਨੀਆਂ ਦੇ ਸਾਰੇ ਸੁੱਖਾਂ ਦਾ ਤਿਆਗ ਕੀਤਾ।"

"ਆਜ਼ਾਦੀ ਦੀ ਦੇਵੀ ਐਸੀ ਹੀ ਹੈ। ਉਹ ਕੁਰਬਾਨੀ ਮੰਗਦੀ ਹੈ।"

ਇਸਤਰ੍ਹਾਂ ਦੀਆਂ ਵਿਚਾਰਾਂ ਕਿੰਨਾ ਚਿਰ ਹੁੰਦੀਆਂ ਰਹੀਆਂ। ਜਗ ਰਹੀ ਮੋਮਬਤੀ ਬੁਝ ਗਈ। ਸਾਰੇ ਸੌਂ ਗਏ। ਪਰ ਵੀਨਾ ਤੇ ਮਨ ਨਾ ਸੁਤੇ। ਵੀਨਾ ਦੀਆਂ ਅੱਖਾਂ ਵਿੱਚ ਨੀਂਦ ਸੀ। ਪਰ ਮਨ ਜਾਗਦਾ ਰਹਿਣਾ ਚਾਹੁੰਦਾ ਸੀ। ਉਸ ਨੇ ਵੀਨਾ ਨੂੰ ਕੋਈ ਪਿੱਛਲੀ ਗਲ ਯਾਦ ਕਰਾਉਣ ਦਾ ਯਤਨ ਕੀਤਾ।

'ਮੈਂ ਆਖਿਆ ਸੌਂ ਤਾਂ ਨਹੀਂ ਗਈ?'

'ਨਹੀਂ। ਕਿਉਂ?'

'......ਮੋਰਚੇ ਵਿੱਚ ਬੈਠਿਆਂ ਤੁਸਾਂ ਕੁਝ ਕਿਹਾ ਸੀ।'

'ਕਿਸ ਬਾਰੇ?'

'ਜੀਵਨ ਦੇ ਭਵਿਖਤ ਬਾਰੇ।'

'ਭਵਿਖਤ ਬਾਰੇ! ਕਿਸ ਭਵਿਖਤ ਬਾਰੇ? ਮੈਨੂੰ ਤਾਂ ਕੁਝ ਚੇਤੇ ਨਹੀਂ।'

'ਮੋਰਚੇ ਵਿਚ ਬੈਠਿਆਂ ਹੋਇਆਂ ਤੁਸਾਂ ਦੀ ਜ਼ਬਾਨੋਂ ਇਹ ਸ਼ਬਦ ਨਿਕਲੇ ਹਨ–"

'ਕੀ?'

'ਕੁਝ ਐਸੇ ਹੀ ਸ਼ਬਦ ਸਨ ਕਿ ਚੰਗਾ......।'

ਮਨ ਤੇ ਆਪਣੇ ਮਨ ਦੇ ਪੂਰੇ ਵਲਵਲੇ ਨੂੰ ਪ੍ਰਗਟ

ਨਹੀਂ ਸੀ ਕੀਤਾ ਕਿ ਧਰਮਸਾਲਾ ਦੇ ਬਾਹਰ ਪੂਰਬ ਦਿਸ਼ਾ ਵਲ ਪਸਤੌਲ ਦੀ ਗੋਲੀ ਚਲਣ ਦਾ ਧਮਾਕਾ ਹੋਇਆ। ਦੋਵੇਂ ਇਕ ਦਮ ਤ੍ਰਬਕ ਗਏ। ਦੋਹਾਂ ਨੇ ਮਨ ਬ੍ਰਿਤੀਆਂ ਨੂੰ ਇਕਾਗਰ ਕਰਕੇ ਅਤੇ ਸਾਹ ਰੋਕ ਕੇ ਵੌੜ ਲੈਣ ਦਾ ਯਤਨ ਕੀਤਾ। ਕਿ ਅੱਗੇ ਕੀ ਹੁੰਦਾ ਹੈ।

ਗੋਲੀ ਦੇ ਖੜਕੇ ਦੇ ਅੱਠ ਕੁ ਮਿੰਟ ਪਿੱਛੋਂ ਦੋਹਾਂ ਨੇ ਸਾਫ ਸੁਣਿਆਂ ਕਿ ਕੋਈ ਦੋ ਆਦਮੀ ਆਪਸ ਵਿਚ ਗੱਲਾਂ ਕਰਦੇ ਸਨ ਤੇ ਖਲੋਤੇ ਹੋਏ ਵੀ ਧਰਮਸਾਲਾ ਦੇ ਬੂਹੇ ਅਗੇ ਸਨ।

'ਅੰਦਰ ਝਾਤ ਤਾਂ ਮਾਰ ਲਈਏ।' ਇਕ ਅਵਾਜ਼ ਸੀ।

'ਤੂੰ ਵੀ ਬੁੱਧੂ ਏਂ। ਇਨਕਲਾਬੀ ਕਦੀ ਧਰਮਸਾਲਾ ਵਿੱਚ ਰਾਤ ਕਟਦੇ ਹਨ ?' ਉਹ ਕਿਤੇ ਜੰਗਲ ਬੇਲੇ ਜਾਂ ਨਾਲੇ ਖਡ ਵਿੱਚ ਤਾਂ ਹੋ ਸਕਦੇ ਹਨ।'

"ਫਿਰ ਵੀ ਦੇਖ ਤਾਂ ਲਈਏ। ਨਹੀਂ ਤਾਂ ਸਾਬ ਗੁੱਸੇ ਹੋਵੇਗਾ।'

'ਤੁਰਨ ਦੀ ਗਲ ਕਰ। ਆਖ ਦੇਵਾਂ ਕਿਤੇ ਕੋਈ ਨਹੀਂ। ਹਨੇਰੇ ਵਿਚ ਜੇ ਕਿਤੇ ਕੋਈ ਇਨਕਲਾਬੀ ਹੋਇਆ ਤਾਂ ਬੰਬ ਮਾਰੇਗਾ।'

ਅਵਾਜ਼ਾਂ ਇੱਕ ਦਮ ਰੁਕ ਗਈਆਂ। ਪੈਰਾ ਦਾ ਖੜਕਾ ਹੋਇਆ। ਜਿਸ ਤੋਂ ਪਤਾ ਲੱਗਾ ਕਿ ਗਲਾਂ ਕਰਨ ਵਾਲੇ ਧਰਮਸਾਲਾ ਵਿਚ ਅੰਦਰ ਵੜਨ ਦੀ ਥਾਂ ਅੱਗੇ ਨੂੰ ਤੁਰ ਗਏ ਹਨ ਤੇ ਬਲਾ ਟਲ ਗਈ। ਮਨ ਨੇ ਖਤਰੇ ਨੂੰ ਟਲਿਆਂ ਦੇਖ

ਕੇ ਸੁਖ ਦਾ ਸਾਹ ਲਿਆ। ਤੇ ਕਿਹਾ-'ਚਲੇ ਗਏ।"

'ਚਲੇ ਕਿਥੇ ਗਏ। ਕਹੀਏ ਆ ਗਏ। ਅਸਾਂ ਲੋਕਾਂ ਦੀ ਭਾਲ ਹੋ ਰਹੀ ਏ। ਧਰਮ ਸਾਲਾ ਵਿਚ ਰਹਿਣ ਦੀ ਭੁਲ ਕੀਤੀ।' ਵੀਨਾ ਨੇ ਆਖਿਆ।

'ਹੂੰ।'

ਆਖਕੇ ਮਨ ਚੁਪ ਹੋ ਗਿਆ।

ਸ਼ਹਿਰ ਵਿੱਚ ਰਹੀ। ਧਰਮ ਸਾਲਾ ਦੇ ਨੇੜੇ ਕੋਈ ਨਾ ਆਇਆ ਅੱਧੀ ਰਾਤ ਬੀਤ ਗਈ। ਵੀਨਾ ਸੌਂ ਗਈ। ਮਨ ਜਾਗਦਾ ਰਿਹਾ। ਜਾਗਦੇ ਹੋਏ ਮਨ ਦਾ ਦਿਲ ਧੜਕਦਾ ਸੀ। ਹੱਥ ਕੰਬਦੇ ਸਨ। ਉਸ ਨੇ ਹਨੇਰੇ ਵਿਚ ਆਪਣਾ ਕੰਬਦਾ ਹੱਥ ਅਚਾਨਕ ਵੀਨਾ ਦੇ ਹੱਥ ਉਤੇ ਰੱਖ ਦਿੱਤਾ। ਹੱਥ ਦੀ ਛੂਹ ਨਾਲ ਉਹ ਤ੍ਰਬਕ ਕੇ ਜਾਗ ਪਈ। ਤੇ ਆਪਣਾ ਹੱਥ ਮਨ ਦੇ ਹੱਥ ਹੇਠੋਂ ਪਰੇ ਕਰ ਲਿਆ।

'ਤੁਸੀਂ ਸੁਤੇ ਨਹੀਂ ?' ਵੀਨਾ ਨੇ ਪੁਛਿਆ।

'ਨਹੀਂ।' ਮਨ ਨੇ ਜਵਾਬ ਦਿੱਤਾ।'

'ਕਿਉਂ ?'

'ਨੀਂਦ ਨਹੀਂ ਆਉਂਦੀ।'

'ਕਾਰਨ ?'

'ਤੁਸਾਂ ਦਾ ਖਿਆਲ।'

'ਮੇਰਾ ਖਿਆਲ ?'

"ਹਾਂ! ਤੁਸਾਂ ਕਿਹਾ ਸੀ ਨਾ, 'ਆਪ ਚੰਗੇ ਹੋ, ਪਿਆਰੇ ਹੋ।'

'ਮਨ !'

'ਜੀ !'

'ਆਰਾਮ ਨਾਲ ਲੇਟ ਰਹੋ। ਯਾਦ ਰੱਖ ਕਿ ਅਸੀਂ ਦੋਵੇਂ ਵਤਨ ਸੇਵਕ ਹਾਂ। ਭਾਰਤ ਮਾਤਾ ਨੂੰ ਸੁਤੰਤ੍ਰ ਕਰਾਉਣ ਦੀ ਪ੍ਰਤਗਿਆ ਕੀਤੀ ਹੋਈ ਹੈ। ਇੱਕ ਦੂਸਰੇ ਦਾ ਸਤਕਾਰ ਕਰਨਾ ਹੈ। ਹਨੇਰੇ ਤੇ ਇਕਾਂਤ ਵਿੱਚ ਪਸ਼ੂਆਂ ਵਾਂਗ ਲਿੰਗ-ਵਾਸ਼ਨਾ ਨੂੰ ਪੂਰਿਆਂ ਨਹੀਂ ਕਰਨਾ। ਮੈਨੂੰ ਜਵਾਨ ਔਰਤ ਸਮਝਕੇ। ਮੈਨੂੰ ਉੱਚੇ ਜੀਵਨ ਨਿਸ਼ਾਨੇ ਤੋਂ ਡੇਗਣ ਦਾ ਯਤਨ ਨਾ ਕਰਨਾ ਭਾਰਤਮਾਤਾ ਦੇ ਸੁਤੰਤ੍ਰ ਹੋਣ ਪਿਛੋਂ ਮੇਰੇ ਨਾਲ 'ਵਿਆਹ' ਦੀ ਵਿਚਾਰ ਕਰਨੀ। ਮੈਂ ਚੰਡੀ ਹਾਂ ਮੈਦਾਨੇ ਜੰਗ ਵਿਚ ਚਮਕਣ ਵਾਲੀ।"

ਮਨ ਦਾ ਲਹੂ ਠੰਢਾ ਹੋ ਗਿਆ ਉਸਨੇ ਅਗੋਂ ਕੋਈ ਉਤਰ ਆ ਦਿੱਤਾ।

# ੧੩.

ਉਸੇ ਹੀ ਰਾਤ, ਦੀਨਾ ਨਗਰ ਦੇ ਨੇੜੇ ਇੱਕ ਮੰਦਰ ਦੀ ਕੋਠੜੀ ਵਿਚ ਭੋਂ ਬਿਸਤ੍ਰੇ ਉੱਤੇ ਬਾਗ਼ੀ ਸੁੰਦਰੀ ਤੇ ਜੀਵਨ ਮੂਰਤੀ ਬੈਠੇ ਸਨ। ਉਹ ਇੱਕ ਸ਼ਹਿਰ ਦੇ ਰਹਿਣ ਵਾਲੇ, ਲੀਡਰਾਂ ਤੇ ਸ਼ਹੀਦਾਂ ਦੇ ਜਾਏ ਬਚਪਣ ਤੋਂ ਇੱਕ ਦੂਜੇ ਦੇ ਜਾਣੂ। ਦੋਹਾਂ ਨੇ ਬਹਾਦਰੀ ਦੇ ਕਈ ਕੰਮ ਕੀਤੇ।

ਤੀਹ ਮੀਲ ਤੋਂ ਉਪਰ ਪੰਧ ਕੀਤਾ। ਪੈਰਾਂ ਦੀਆਂ ਤਲੀਆਂ ਸੁਜ ਗਈਆਂ। ਉਂਗਲਾਂ ਦੇ ਪੋਟਿਆਂ ਉੱਤੇ ਛਾਲੇ ਪੈ ਗਏ। ਰਤਾ ਥਕੇਵੇਂ ਨਾਲ ਬਲਹੀਨ ਸਨ। ਇਂਵ ਪ੍ਰਤੀਤ ਹੁੰਦਾ ਸੀ ਜਿਵੇਂ ਧੜ ਦੇ ਨਾਲ ਹੀ ਨਹੀਂ ਰਹੀਆਂ। ਫਿਰ ਵੀ ਲੰਮੇਂ ਨਹੀਂ ਸੀ ਪੈਂਦੇ। ਸੌਣ ਦੀ ਚਿੰਤਾ ਨਹੀਂ ਸੀ, ਗਲਾਂ ਕਰੀ ਜਾਂਦੇ ਸਨ। ਉਨ੍ਹਾਂ ਦੀਆਂ ਗੱਲਾਂ ਅਮੁਕ ਸਨ।

ਜੀਵਨ ਮੂਰਤੀ ਗਲ-ਬਾਤ ਦਾ ਝੁਕਾਉ ਰਾਜਸੀ ਰਖਣਾ ਚਾਹੁੰਦਾ ਸੀ। ਅੰਗ੍ਰੇਜ਼ੀ ਰਾਜ ਦੇ ਖਾਤਮੇਂ ਪਿਛੋਂ ਕਿਹੋ ਜਿਹਾ ਰਾਜ ਹੋਵੇਗਾ। ਗਰੀਬਾਂ, ਕਿਸ਼ਾਨਾਂ ਤੇ ਮਜ਼ਦੂਰਾਂ ਦੀ ਗਰੀਬੀ ਕਿਵੇਂ ਖਤਮ ਹੋਵੇਗੀ। ਸਮਾਜਿਕ ਕਮਜੋਰੀਆਂ ਨੂੰ ਨੂੰ ਦੂਰ ਕਰਕੇ ਜੀਵਨ ਦਾ ਪਿਆਰ ਕਿਵੇਂ ਉੱਚਾ ਤੇ ਚੰਗੇਰਾ

ਕੀਤਾ ਜਾਵੇਗਾ, ਆਦਿਕ। ਪਰ ਬਾਗ਼ੀ ਸੁੰਦਰੀ—ਕੁਸ਼ਲਿਆ ਗਲ ਬਾਤ ਦਾ ਰੁਖ ਬਦਲਨ ਵਾਸਤੇ ਯਤਨ ਕਰਦੀ ਸੀ। ਉਸ ਦੇ ਦਿਲ-ਦਿਮਾਗ਼ ਤੋਂ ਬਗ਼ਾਵਤੀ ਵਿਚਾਰ ਤੇ ਵਾਯੁਮੰਡਲ ਦਾ ਪ੍ਰਛਾਵਾਂ ਦੂਰ ਹੋ ਚੁਕਾ ਸੀ। ਉਹ ਇਕ ਸੁਧਾਰਨ ਮੁਟਿਆਰ ਦੀ ਤਰ੍ਹਾਂ ਉਹ ਪਿਆਰ ਦੀਆਂ ਕਹਾਣੀਆਂ ਕਰਨਾ ਚਾਹੁੰਦੀ ਸੀ। ਉਸਦੇ ਮਨ ਦੀ ਰੁਚੀ ਕਾਮਚੇਸ਼ਟਾ ਦੇ ਭੂਤ ਦਾ ਨੰਗਾ ਨਾਚ ਤਕਣ ਤੇ ਤੁਲ ਪਈ ਸੀ। ਇਸਤ੍ਰੀਪਨ ਦੀ ਚਮਜ਼ੋਰੀ ਨੇ ਉਸ ਨੂੰ ਕੀਲ ਲਿਆ ਸੀ।

ਜਦੋਂ ਉਸ ਨੇ ਦੇਖਿਆ ਕਿ ਜੀਵਨ ਮੂਰਤੀ ਕਾਬੂ ਨਹੀਂ ਆਉਂਦਾ. ਤਾਂ ਉਸ ਦੇ ਦੋਵੇਂ ਹੱਥ ਫੜ ਕੇ ਉਨ੍ਹਾਂ ਨੂੰ ਘੁੱਟ ਕੇ ਆਖਣ ਲੱਗੀ, 'ਮੇਰੀ ਪਿਆਰੀ ਮੂਰਤੀ। ਮੇਰੀ ਬੇਨਤੀ ਕਦੋਂ ਸੁਣੋਗੀ ?'

'ਕਿਹੜੀ ਬੇਨਤੀ ?' ਜੀਵਨ ਮੂਰਤੀ ਨੇ ਪੁਛਿਆ।

'ਸਚ ਮੁਚ ਬੜੇ ਭੋਲੇ ਜੇ। ਕਈਆਂ ਘੰਟਿਆਂ ਤੋਂ ਮੈਂ ਕਈ ਗਲਾਂ ਕਰਦੀ ਹੋਈ ਆਪਣੇ ਮਨ ਦੇ ਭਾਵ ਸਮਝਾਉਣ ਦਾ ਯਤਨ ਕਰ ਰਹੀ ਹਾਂ, ਪਰ ਆਪ ਸਮਝਦੇ ਹੀ ਨਹੀਂ।''

'ਮੈਂ ਕੁਝ ਨਹੀਂ ਸਮਝਿਆ। ਆਖਰ ਤੂੰ ਚਾਹੁੰਦੀ ਕੀ ਹੈਂ ?'

'ਪਿਆਰ।'

'ਪਿਆਰ !'

'ਹਾਂ !'

'ਕਿਹੜਾ ?'

'ਪਿਆਰ ਕਿੰਨੀ ਤਰ੍ਹਾਂ ਦੇ ਹੁੰਦੇ ਨੇ ?'

'ਇਹ ਤਾਂ ਮੈਨੂੰ ਪਤਾ ਨਹੀਂ ।'

'ਫਿਰ !'

'ਫਿਰ ਦਾ ਉੱਤਰ ਇਹ ਹੈ ਕਿ ਕੀ ਅਗੇ ਮੈਂ ਤੇਰੇ ਨਾਲ ਪਿਆਰ ਨਹੀਂ ਕਰਦਾ ? ਇੱਕਠੇ ਰਹਿੰਦੇ ਹਾਂ ਇੱਕਠੇ ਤੁਰਦੇ ਫਿਰਦੇ ਦੇਸ਼ ਦੀ ਸੇਵਾ ਕਰਦੇ ਹਾਂ। ਇਕ ਦੂਜੇ ਨਾਲ ਹਮਦਰਦੀ ਹੈ। ਇਕ ਦਾ ਜੇ ਮੁੜ੍ਹਕਾ ਡੁਲ੍ਹਦਾ ਹੈ ਤਾਂ ਦੂਸਰਾ ਖੂਨ ਡੋਲ੍ਹਦਾ ਹੈ। ਇਹ ਸਭ ਕੁਝ ਪਿਆਰ ਨਹੀਂ ?'

'ਇਹ ਸਭ ਕੁਝ ਪਿਆਰ ਦਾ ਇੱਕ ਅੰਗ ਹੈ ਇੱਕ ਸਮਾਂ ਹੈ।'

'ਤੇ ਦੂਸਰਾਂ ਅੰਗ ?'

'ਮੈਂ ਕੀ ਦਸਾਂ ! ਤੁਸਾਂ ਨੂੰ ਆਪੇ ਹੀ ਪਤਾ ਲਗ ਜਾਣਾ ਚਾਹੀਦਾ ਹੈ। ਪੰਜੀ-ਛੱਬੀ ਸਾਲ ਦੇ ਸੁੰਦਰ ਗਭਰੂ ਜੇ। ਅਰੋਗ ਬਦਨ ਹੈ। ਦਿਲਦੇ ਵਲਵਲੇ ਜੁਆਨ ਹੋ ਚੁਕੇ ਹਨ। ਫਿਰ ਮੈਂ ਕੀ ਦਸਾਂ ਆਪ ਹੀ ਸਮਝੋ।'

'ਮੈਂ ਇਹ ਕੁਝ ਨਾ ਸਕੂਲ ਪੜ੍ਹਿਆ ਹੈ ਨਾ ਇਸ ਬਾਰੇ ਸੋਚਣ ਦੀ ਲੋੜ ਪਈ ਹੈ।'

'ਵਾਹ ਜੀ ਵਾਹ ! ਐਨੇ ਭੋਲੇ !'

'ਆਖਰ ਕੁਝ ਦਸ ਵੀ ਨਾ ? ਤੂੰ ਤਾਂ ਕੰਬੀ ਜਾਂਦੀ ਏਂ !

'ਮੈਨੂੰ ਡਰ ਲਗ ਰਿਹਾ ਹੈ।'

'ਕਿਸਦਾ ?'

'ਪਤਾ ਨਹੀਂ ।'

'ਫਿਰ !'

'ਮੇਰਾ ਦਿਲ ਕਰਦਾ ਏ !'

'ਕੀ ?'

ਜ਼ਬਾਨੋਂ ਕੁਝ ਆਖਣ ਦੀ ਥਾਂ ਕੁਸ਼ਲਿਆ ਨੇ ਜੀਵਨ ਮੂਰਤੀ ਦੇ ਹੱਥ ਛੱਡ ਦਿੱਤੇ ਦੋਵੇਂ ਬਾਹੀਂ ਖਿਲਾਰ ਕੇ ਉਸ ਨੂੰ ਘੁੱਟ ਕੇ ਜਫੀ ਪਾ ਲਈ। ਅੱਖ ਦੇ ਫੋਰ ਵਿਚ ਉਹਦੇ ਬੁਲ੍ਹਾਂ ਨੂੰ ਚੁੰਮ ਕੇ ਆਖਣ ਲੱਗੀ, 'ਮੇਰਾ ਦਿਲ ਇਹ ਕਰਦਾ ਏ ! ਮੇਰੇ ਜੀਵਨ। ਅਜ ਮੈਨੂੰ ਬਹੁਤ ਭੁਖ ਥਗੀ ਏ। ਅੰਗ ਅੰਗ ਟੁੱਟ ਰਿਹਾ ਏ। ਤੂੰ ਵੀ ਮੈਨੂੰ ਘੁੱਟ ਪਿਆਰ ਦਾ ਨਿੱਘ ਦੇਹ !'

ਜੀਵਨ ਮੂਰਤੀ ਤੜਪ ਰਿਹਾ। ਉਸ ਨੂੰ ਕੁਝ ਸਮਝ ਨਾ ਲੱਗੀ। ਉਹਦੇ ਮੱਥੇ ਉਤੇ ਤ੍ਰੇਲੀ ਆ ਗਈ। ਕੀ ਉੱਤਰ ਦੇਵੇ ? ਕੁਸ਼ਲਿਆ ਇੱਕ ਦਮ ਕਿਉਂ ਐਨੀ ਗਿਰ ਗਈ। ਬਾਬਾ ਜੀ ਦੀ ਸਿਖਿਆ, ਇਸ ਨੂੰ ਕਿਉਂ ਭੁਲ ਗਈ ? ਮੰਦਰ ਦੀ ਇਸ ਚੰਗੀ ਥਾਂ ਤੇ ਕਮਜ਼ੋਰੀ ਦੇ ਵਿਚਾਰ ਕਿਉਂ ਇਹਦੇ ਹਿਰਦੇ ਵਿਚ ਉਤਪਨ ਹੋਏ। ਇਹ ਕੁਝ ਸੋਚ ਕੀ ਰਿਹਾ ਸੀ ਕਿ ਕੁਸ਼ਲਿਆ ਏ ਇਕ ਪਾਗਲ ਦੀ ਤਰ੍ਹਾਂ ਬਹੁਤ ਕਾਹਲੀ ਨਾਲ ਜੀਵਨ ਮੂਰਤੀ ਦੀਆਂ ਗਲ੍ਹਾਂ ਮੱਥਾ ਅਤੇ ਬੁਲ੍ਹਾ ਉਤੇ ਆਪਣੇ ਬੁਲ੍ਹਾਂ ਦੀ ਛਾਪ ਲਾ ਦਿੱਤੀ। ਉਹ ਸਿਰ ਤੋਂ ਪੈਰਾਂ ਤਕ ਹਿਲ ਗਿਆ। ਗੁੱਸਾ ਉਸਦੇ ਤਨ ਵਿਚ ਨਾ ਰਿਹਾ, ਮਰਦ ਸੀ। ਔਰਤ ਦੇ ਅੱਗੇ ਮਰਦ ਕਦੀ ਹਾਰ ਨਹੀਂ ਮੰਨਦਾ ਭਾਵੇਂ ਉਹ ਕਿੰਨਾ ਪਰਮਾਤਮਾਂ ਜਾਂ ਕਮਜ਼ੋਰ ਹੋਵੇ। ਆਪਣਾ ਰੋਹਬ ਜ਼ਰੂਰ ਰਖਣਾ ਚਾਹੀਦਾ ਹੈ। ਜਿਵੇਂ ਸੁੱਤਾ ਪਿਆ'

ਅਬੜ ਵਾਹਿਆ ਉੱਠ ਕੇ ਸੁਪਨੇ ਦੇ ਕਿਸੇ ਵਿਚਾਰ ਨੂੰ ਪ੍ਰਗਟ ਕਰ ਦੇਂਦਾ ਹੈ। ਤਿਵੇਂ ਉਸ ਨੇ ਕਾਹਲੀ ਨਾਲ ਆਖਿਆ, 'ਕੁਸ਼ਲਿਆ! ਤੂੰ ਚੰਗਾ ਨਹੀਂ ਕਰ ਰਹੀ। ਪਿਛਲੀ ਕੀਤੀ ਕਤਰੀ ਖ਼ੂਹ ਵਿੱਚ ਸੁਟ ਰਹੀ ਏਂ। ਬਗਾਵਤ ਦੇ ਅਸੂਲਾਂ ਦੇ ਉਲਟ ਹੈ।'

'ਨਹੀਂ! ਆਪਣੇ ਹੱਕ ਬਦਲੇ ਬਗਾਵਤ ਕਰ ਰਹੀ ਹਾਂ। ਮੈਂ ਇੱਕ ਮੁਟਿਆਰ ਇਸਤ੍ਰੀ ਹਾਂ। ਇਸਤ੍ਰੀ ਉਹ ਜਿਸ ਕੋਲ ਅਨਛੋਹ ਸੀਨਾ ਤੇ ਉਸ ਸੀਨੇ ਵਿਚ ਧੜਕਦਾ ਦਿਲ ਹੈ। ......ਆਉ ਇਸ ਮੰਦਰ ਵਿੱਚ ਪ੍ਰਨ ਕਰਕੇ ਵਿਆਹ ਦੀ ਰਸਮ ਪੂਰੀ ਕਰ ਲਈਏ। ਸਮਾਜ ਦੇ ਪੁਰਾਤਨ ਬੰਧਨ ਸਭ ਤੋੜਨੇ ਹਨ। ਉਨ੍ਹਾਂ ਵਿਰੁਧ ਬਗ਼ਾਵਤ ਕਰਨੀ ਹੈ। ਆਉ ਅਜ ਹੀ ਇਹ ਕਦਮ ਵੀ ਦੁਕ ਲਈਏ। ਪੜ੍ਹੇ ਲਿਖੇ ਨੌਜੁਆਨ ਜੇ! ਉਠੋ!'

'ਕਾਹਲ ਹੈ! ਕਾਹਲ ਵਿਚ ਸਦਾ ਨੁਕਸਾਨ ਹੁੰਦਾ ਏ। ਰਤਾ ਠਹਿਰ ਕੁਝ ਸੋਚਣ ਦੇਹ।'

'ਨਹੀਂ! ਸਭ ਕੁਜ ਕਾਹਲ ਵਿਚ ਕਰਨਾ ਹੋਵੇਗਾ। ਮੈਂ ਤੁਸਾਂ ਨੂੰ ਹੁਣ ਆਪਣਾ ਸਦੀਵੀ ਸਾਥੀ ਜਮਝ ਬੈਠੀ ਹਾਂ। ਤੁਸੀਂ ਮੇਰੇ ਪਤੀ ਤੇ ਮੈਂ ਆਪ ਦੀ ਪਤਨੀ। ਪਾਪ, ਸਮਾਜਕ ਰਸਮ ਤੋੜਨ ਤੇ ਕਿਸੇ ਕਾਨੂੰਨ ਭੰਗ ਕਰਨ ਦਾ ਸੁਆਲ ਹੀ ਨਹੀਂ ਉਠਦਾ।'

'ਮੈਨੂੰ ਸਦੀਵੀ ਸਾਥੀ ਸਮਝਦੀ ਹੈਂ, ਸਮਝ, ਪਰ......।

'ਭਾਰਤ ਮਾਤਾ ਦੇ ਅਜ਼ਾਦ ਹੋ ਜਾਂਣ ਤੇ ਅਸੀਂ ਪਤੀ

ਪਤਨੀ ਬਣਾਂਗੇ। ਉਸ ਤੋਂ ਪਹਿਲਾਂ ਨਹੀਂ। ਪਹਿਲਾਂ ਤਾਂ ਬਸ-ਸਾਥੀ, ਦੇਸ਼ ਸੇਵਕ, ਦੇਸ਼ ਦੇ ਸਿਪਾਹੀ। ਹੁਣ ਚੁਪ ਕਰਕੇ ਸੌਂ ਰਹੋ। ਸਵੇਰੇ ਬਹੁਤ ਲੰਮਾ ਪੰਧ ਕਰਨਾ ਹੈ। ਜੋ ਪ੍ਰਤਗਿਆ ਕੀਤੀ ਸੀ ਉਸ ਨੂੰ ਭੁਲਣਾ ਨਹੀਂ ਚਾਹੀਦਾ।'

ਦੋਵੇਂ ਚੁਪ ਸੌਂ ਗਏ।

ਦੋਹਾਂ ਨੂੰ ਨੀਂਦ ਆ ਗਈ।

ਦਿਨ ਚੜ੍ਹੇ ਉਠੇ ਤਾਂ ਦੋਵੇਂ ਫਿਰ ਸਾਥੀ ਸਨ। ਦੇਸ਼ ਦੀ ਸੇਵਾ ਦਾ ਸੁਨਹਿਰੀ ਜੀਵਨ ਮਨੋਰਥ ਦੋਹਾਂ ਦੇ ਨੈਨਾ ਵਿਚੋਂ ਚਮਕ ਰਿਹਾ ਸੀ।

## ੧੪.

੧੯੩੦ ਈ: ਵਿਚ ਲਾਹੌਰ ਕੀ ਸੀ ? ਇੱਕ ਜੁਵਾਲਾ ਮੁੱਖੀ ਪਹਾੜ, ਜਿਸਦੇ ਰਾਜਸੀ ਗਰਮ ਲਾਵੇ ਦੂਰ ਤਕ ਸੇਕ ਦੇਂਦੇ ਸਨ। ਸੀ. ਆਈ. ਡੀ. ਕਿਸਾਨਾਂ, ਮਜ਼ਦੂਰਾਂ, ਆਮ ਗਭੁਰੂਆਂ ਤੇ ਕਾਲਜਾਂ ਸਕੂਲਾਂ ਦੇ ਜੁਆਨ ਮੁੰਡਿਆਂ ਕੁੜੀਆਂ ਦੇ ਪਿਛੇ ਪਰਛਾਵੇਂ ਵਾਂਗ ਫਿਰਦੀ ਸੀ। ਸ਼ਹਿਰ ਦੇ ਚੌਗਿਰਦੇ ਚੁੰਗੀਆਂ, ਮੋਟਰਾਂ ਦੇ ਅੱਡਿਆਂ ਅਤੇ ਰੇਲਵੇ ਸਟੇਸ਼ਨਾਂ ਉਤੇ ਸੀ.ਆਈ.ਡੀ ਦਾ ਪਹਿਰਾ ਸੀ। ਹਰ ਨਵੇਂ ਆਏ ਯਾਤਰੂ ਦੀ ਨਿਗਰਾਨੀ ਕੀਤੀ ਜਾਂਦੀ ਸੀ। ਆਜ਼ਾਦੀ ਦੀ ਲਹਿਰ ਸਾਗਰ ਦੀ ਲਹਿਰ ਵਾਂਗ ਉਛੱਲਾਂ ਮਾਰਦੀ ਸੀ। ਰੋਜ਼ ਗ੍ਰਿਫਤਾਰੀਆਂ ਅਤੇ ਨਜ਼ਰ ਬੰਦੀਆਂ ਹੁੰਦੀਆਂ ਸਨ। ਪੋਲੀਸ ਦੇ ਅਫਸਰਾਂ ਤੇ ਸਿਪਾਹੀਆਂ ਨੂੰ ਸੈਂਕੜੇ ਰੁਪੈ ਇਨਾਮ ਇਸ ਕਰਕੇ ਵੰਡਿਆ ਜਾਂਦਾ ਸੀ ਕਿ ਉਹ ਦੇਸ਼ ਭਗਤਾਂ ਨੂੰ ਬਹੁਤਾ ਕੁਟਦੇ, ਰਜ ਕੇ ਉਨ੍ਹਾਂ ਦਾ ਨਿਰਾਦਰ ਕਰਦੇ ਅਤੇ ਅੱਡੀ ਚੋਟੀ ਦਾ ਟਿਲ ਲਾਕੇ ਗ੍ਰਿਫਤਾਰ ਕਰਦੇ ਸਨ। ਸ਼ਾਹੀ ਕਿਲ੍ਹਾ ਇਕ ਜੇਹਲਖਾਨਾ ਸੀ। ਜੇਹਲਖਾਨਾ ਵੀ ਬਹੁਤ ਭਿਆਨਕ। ਸੋਹਲਵੀਂ ਤੇ ਸਤਾਰਵੀਂ ਸਦੀ ਦੇ ਮੁਗਲ ਰਾਜ ਨਾਲੋਂ ਵੀ

ਭੈੜਾ। ਅਮੀਰਾਂ ਦੇ ਸੋਹਲ ਬੱਚਿਆਂ ਅਤੇ ਸਿਆਣੇ, ਪੜ੍ਹੇ ਲਿੱਖੇ ਲੀਡਰਾਂ ਨੂੰ ਪੁਠਿਆ ਟੰਗਿਆ ਜਾਂਦ। ਕਈ ਕਈ ਦਿਨ ਭੁਖਿਆਂ ਰਖਿਆ ਜਾਂਦਾ। ਗਰਮੀਆਂ ਨੂੰ ਅੱਗ ਦੀਆਂ ਅੰਗੀਠੀਆਂ ਦੇ ਸੇਕ ਦਿੱਤੇ ਜਾਂਦੇ। ਸਿਆਲ ਨੂੰ ਠੰਢ ਵਿਚ ਉਨ੍ਹਾਂ ਦੇ ਹੱਡ-ਪੈਰ ਠੰਢੇ ਕੀਤੇ ਜਾਂਦੇ। ਫੈਰੂਨ ਦੇ ਨਰਕ ਦਾ ਦੂਸਰਾ ਭਰਾ ਸੀ ਲਾਲ ਕਿਲਾ। ਹਿੰਦੁਸਤਾਨੀ ਤੇ ਅੰਗ੍ਰੇਜ਼ ਪੋਲੀਸ ਅਫਸਰ–ਅੰਗਰੇਜੀ ਸਾਮਰਾਜ ਦੇ ਚੇਲੇ ਬੁੱਚੜ ਸਨ। ਹਰਨਾਕਸ਼ ਦੇ ਬੁਚੜਾਂ ਨਾਲੋਂ ਬਹੁਤ ਬੁਰੇ।

ਇਸ ਆਜ਼ਾਦੀ ਦੀ ਜੰਗ ਵਿਚ ਮਰਦਾਂ ਦੇ ਨਾਲ ਦੇਵੀਆਂ ਨੇ ਵੀ ਬੜਾ ਹਿੱਸਾ ਲਿਆ ਹੈ। ਉਹ ਵੀ ਅੰਗਰੇਜੀ ਸਾਮ੍ਰਾਜ ਦੇ ਵਿਰੁਧ ਕੌਮੀ ਝੰਡਾ ਚੁੱਕ ਕੇ ਕਸ਼ਟ ਝਲਦੀਆਂ ਤੇ ਵਤਨ ਦੀ ਸੇਵਾ ਕਰਦੀਆਂ ਰਹੀਆਂ। ਹਜ਼ਾਰਾਂ ਦੀ ਗਿਣਤੀ ਵਿਚ ਜੇਹਲਾਂ ਵਿਚ ਤਪਸਿਆ ਕਰਦੀਆਂ ਰਹੀਆਂ। ਉਸ ਸਮੇਂ ਦੀ ਬੁੱਚੜ ਪੋਲੀਸ ਨੇ ਇਨ੍ਹਾਂ ਦੇਵੀਆਂ ਨੂੰ ਵੀ ਕਈਆਂ ਢੰਗਾਂ ਨਾਲ ਦੁਖੀ ਕੀਤਾ। ਮਾਰ ਕੁਟਾਈ ਤੇ ਗਾਲਾਂ ਤਾਂ ਮਾਮੂਲੀ ਗਲ ਸਮਝੀ ਜਾਂਦੀ ਸੀ। ਕਿਉਂਕਿ ਜਿੰਨੀ ਪੰਜਾਬ ਪੋਲੀਸ ਦੀ ਜ਼ਬਾਨ ਗੰਦੀ ਸੀ ਉਨੀ ਸੰਸਾਰ ਦੀ ਕਿਸੇ ਪੋਲੀਸ ਦੀ ਨਹੀਂ ਸੀ। ਕਈਆਂ ਸਿਪਾਹੀਆਂ, ਥਾਨੇਦਾਰਾਂ ਤੇ ਇੰਨਸਪੈਕਟਰਾਂ ਨੇ ਕਈਆਂ ਦੇਵੀਆਂ ਦਾ ਨਿਰਾਦਰ ਕੀਤਾ। ਪਰ ਵਤਨ ਦੀ ਆਜ਼ਾਦੀ ਦੀ ਖਾਤਰ ਉਹ ਦੇਵੀਆਂ ਸਾਰੇ ਅਕ੍ਰਹਿ ਤੇ ਅਸਹਿ ਕਸ਼ਟ ਝਲਦੀਆਂ ਰਹੀਆਂ।

ਬਾਬਾ ਜੀ ਹਸਪਤਾਲ ਵਿਚ ਸਨ। ਡਾਕਟਰਾਂ ਨੇ

ਬੜਾ ਯਤਨ ਕੀਤਾ ਕਿ ਉਹ ਬਚ ਜਾਣ। ਪੁਲੀਸ ਵਲੋਂ ਵੀ ਹੁਕਮ ਸੀ ਕਿ ਜਾਨ ਬਚਾਈ ਜਾਏ ਤਾਂਕਿ ਮੁਕਦਮਾ ਚਲ ਸਕੇ, ਸ਼ਾਇਦ ਉਸ ਮੁਕਦਮੇਂ ਦੇ ਬਿਆਨਾਂ ਰਾਹੀਂ ਬਾਗ਼ੀਆਂ ਦੀ ਫਰਿਸਤ ਵਿੱਚ ਵਾਧਾ ਹੋ ਜਾਏ। ਪਰ ਬਾਬਾ ਜੀ ਰਾਜੀ ਹੁੰਦੇ ਪ੍ਰਤੀਤ ਨਹੀਂ ਸਨ ਹੋ ਰਹੇ। ਉਮਰ ਵਡੇਰੀ ਦੇ ਕਾਰਨ ਉਨ੍ਹਾਂ ਦੇ ਤਨ ਵਿਚ ਲਹੂ ਤੇ ਚਰਬੀ ਬਹੁਤ ਘੱਟ ਸੀ। ਜਖਮ ਭਰਦੇ ਨਹੀਂ ਸਨ।

ਜਨ, ਗਨ, ਮਨ, ਵੀਨਾ ਜੀਵਨ ਮੂਰਤੀ ਤੇ ਕੁਸ਼ਲਿਆ ਵੀ ਲਾਹੌਰ ਆ ਗਏ। ਪੁਲੀਸ ਦੇ ਉਨ੍ਹਾਂ ਚੰਗੀ ਤਰ੍ਹਾਂ ਕੰਨ ਕੁਤਰੇ। ਜਦੋਂ ਵੀ ਕਿਸੇ ਸੀ.ਆਈ.ਡੀ. ਦੇ ਆਦਮੀ ਨੇ ਬੜੇ ਭੋਲੇਪਨ ਨਾਲ ਪੁਛਿਆ ਕਿ ਉਹ ਕਿਥੋਂ ਆਏ ਹਨ ? ਕਿਥੇ ਜਾਣਾ ਹੈ ਤੇ ਕੀ ਕੰਮ ਕਰਦੇ ਨੇ। ਉਨ੍ਹਾਂ ਦੀ ਐਸੀ ਤਸਲੀ ਕਰਾਉਂਦੇ ਰਹੇ ਕਿ ਉਸ ਨੂੰ ਮੁੜ ਹੌਸਲਾ ਹੀ ਨਾ ਪੈਂਦਾ ਪੁਛਣ ਦਾ ਤੇ ਨਾ ਪਿਛੇ ਲਗਣ ਦਾ।

ਭਾਟੀ ਦਰਵਾਜੇ ਬਾਹਰ ਇੱਕ ਮਕਾਨ ਤੇ ਉਹ ਸਾਰੇ ਇਕੱਠੇ ਹੋਏ। ਰਾਹ ਦੀਆਂ ਗੱਲਾਂ ਇਕ ਦੂਜੇ ਨੂੰ ਦਸੀਆਂ ਤੇ ਸੁਖ ਸਾਂਦ ਪੁਛੀ। ਮੁੜ ਫੈਸਲਾ ਕੀਤਾ ਕਿ ਬਾਬਾ ਜੀ ਨੂੰ ਮਿਲ ਕੇ ਉਨ੍ਹਾਂ ਦੀ ਸਲਾਹ ਲਈ ਜਾਏ ਕਿ ਉਨ੍ਹਾਂ ਦਾ ਕੀ ਵਿਚਾਰ ਹੈ। ਪਰ ਬਾਬਾ ਜੀ ਨਾਲ ਮੁਲਾਕਾਤ ਕਰਨੀ ਸੌਖੀ ਨਹੀਂ ਸੀ। ਉਸਦੇ ਕੋਲ ਡਾਕਟਰਾਂ ਤੇ ਨਰਸਾਂ ਤੋਂ ਬਿਨਾਂ ਕੋਈ ਨਹੀਂ ਸੀ ਜਾ ਸਕਦਾ। ਪੁਲੀਸ ਦਾ ਕਰੜਾ ਪਹਿਰਾ ਸੀ। ਜੇ ਕੋਈ ਜਾਵੇ ਤਾਂ ਪੁਲੀਸ ਨੇ ਉਸ ਦੇ ਪਿਛੇ ਪੈ ਜਾਣਾ ਸੀ।

ਸੋਚਦਿਆਂ ਸੋਚਦਿਆਂ ਵੀਨਾ ਨੇ ਇੱਕ ਸਕੀਮ ਸੋਚੀ ਤੇ ਉਸ ਨੂੰ ਸਾਥੀਆਂ ਅਗੇ ਪ੍ਰਗਟ ਕੀਤਾ, 'ਇਕੋ ਹੀ ਢੰਗ ਹੈ ਬਾਬਾ ਜੀ ਨਾਲ ਮੁਲਾਕਾਤ ਕਰਨ ਦਾ।'

'ਉਹ ਕੀ ?' ਸਾਰਿਆਂ ਨੇ ਇੱਕ ਜ਼ਬਾਨ ਪੁਛਿਆ।

'ਹਸਪਤਾਲ ਦੀ ਕਿਸੇ ਨਰਸ ਨੂੰ ਲਾਲਚ ਦਿੱਤਾ ਜਾਏ। ਉਹ ਕਿਸੇ ਨਰਸ ਦੇ ਲੀੜੇ ਲੈ ਦੇਵੇ ਤੇ ਆਪਣੇ ਨਾਲ ਉਸ ਵੇਲੇ ਲੈ ਜਾਏ, ਜਦੋਂ ਡਾਕਟਰ ਕੋਈ ਕੋਲ ਨਾ ਹੋਵੇ। ਇਸ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ।'

"ਇਹ ਤਾਂ ਮਾਮੂਲੀ ਗਲ ਹੈ।" 'ਕੁਸ਼ਲਿਆ ਨੇ ਆਖਿਆ।

'ਕੀ ਤੂੰ ਬੰਦੋਬਸਤ ਕਰ ਸਕਦੀ ਹੈਂ ?' ਸਾਰਿਆਂ ਨੇ ਪੁਛਿਆ।

'ਜ਼ਰੂਰ ਬਰ ਜ਼ਰੂਰ ਕਰ ਸਕਦੀ ਹਾਂ।'

'ਕਿਵੇਂ ?'

'ਮੈਂ ਤੇ ਵੀਨਾ ਜਾਂਦੀਆਂ ਹਾਂ ਹਸਪਤਾਲ। ਹੱਥ ਵਿਚ ਲੈਂਦੀਆਂ ਹਾਂ ਸ਼ੀਸ਼ੀਆਂ। ਜਿਵੇਂ ਕਿ ਅਸੀਂ ਦੁਵਾਈਆਂ ਲੈਣ ਵਾਸਤੇ ਉਥੇ ਪੁੱਜਦੀਆਂ ਹਾਂ। ਫਿਰ ਉਸ ਵਾਰਡ ਦਾ ਪਤਾ ਕਰਦੀਆਂ ਹਾਂ ਜਿਸ ਵਿਚ ਬਾਬਾ ਜੀ। ਜਦੋਂ ਪਤਾ ਲਗ ਗਿਆ ਤਾਂ ਉਨ੍ਹਾਂ ਨਰਸਾਂ ਜਾਂ ਡਾਕਟਰਾਂ ਦਾ ਪਤਾ ਕਰਾਂਗੀਆਂ ਜੋ ਬਾਬਾ ਜੀ ਦਾ ਇਲਾਜ ਕਰ ਰਹੀਆਂ ਹੋਣ।'

'ਬਹੁਤ ਠੀਕ ! ਬਹੁਤ ਠੀਕ !! ਹੁਣ ਸਤ ਵਜੇ ਨੇ ਅੱਠ ਵਜੇ ਹਸਪਤਾਲ ਖੁਲ੍ਹ ਪੈਂਦਾ ਹੈ। ਜਾਓ ਪਰ ਬਚ ਕੇ

ਪੁਲੀਸ ਨਾ ਪਿਛਾ ਕਰੇ।' ਜੀਵਨ ਮੂਰਤੀ ਨੇ ਆਖਿਆ।

'ਅਸੀਂ ਹੁਣੇ ਹੀ ਜਾਂਦੀਆਂ ਹਾਂ।' ਇਨਾ ਆਖਕੇ ਉਹ ਦੋਵੇਂ ਉਠ ਖਲੋਤੀਆਂ।

ਦਸਾਂ ਮਿੰਟਾਂ ਪਿਛੋਂ ਉਹ ਅਨਾਰ ਕਲੀ ਦੇ ਚੌਂਕ ਵਿੱਚ ਸਨ।

ਜਦੋਂ ਭਲੇ ਦੀ ਹੱਟੀ ਕੋਲ ਅਪੜੀਆਂ ਤਾਂ ਇਕ ਦੁਕਾਨ ਦੇ ਸਾਹਮਣੇ ਹੱਥਿਆਰ ਬੰਦ ਪੁਲੀਸ ਦੀ ਬੜੀ ਭੀੜ ਸੀ। ਤਮਾਸ਼ਬੀਨ ਲੋਕ ਦੂਰ ਖਲੋਤੇ ਉਨ੍ਹਾਂ ਵਲ ਵੇਖ ਰਹੇ ਸੀ। ਕੁਸ਼ਲਿਆ ਤੇ ਵੀਨਾ ਵੀ ਇੱਕ ਦੁਕਾਨ ਦੇ ਵਾਧੇ ਉਤੇ ਖਲੋ ਕੇ ਤਕਣ ਲੱਗੀਆਂ। ਉਥੋਂ ਪੁਲੀਸ ਦਾ ਘੇਰਾ, ਦੁਕਾਨ ਦਾ ਬੂਹਾ, ਨਾਲ ਦੀਆਂ ਪੌੜੀਆਂ ਤੇ ਉਪਰਲਾ ਚੁਬਾਰਾ ਦਿਸਦਾ ਸੀ।

ਕੁਸ਼ਲਿਆ ਚੁੱਪ ਨਾ ਕੀਤੀ ਰਹਿ ਸਕੀ। ਉਸ ਨੇ ਲਾਗੇ ਖਲੋਤੇ ਇਕ ਸੂਟਿਡ ਬੂਟਿਡ ਗਭਰੂ ਨੂੰ ਪੁਛ ਹੀ ਲਿਆ, "ਭਰਾ ਜੀ! ਮਾਮਲਾ ਕੀ ਏ?"

"ਉਪਰ ਚੁਬਾਰੇ ਵਿਚ ਕੋਈ ਇੰਨਕਲਾਬੀ ਲੁਕਿਆ ਏ। ਉਸ ਨੂੰ ਫੜਨ ਲਗੇ ਨੇ।" ਉਸ ਗਭਰੂ ਨੇ ਉੱਤਰ ਦਿੱਤਾ।

'ਉਹ ਕੌਣ ਏ?'

'ਪਤਾ ਨਹੀਂ ਕੋਈ ਵਡਾ ਆਦਮੀ ਏ। ਉਸ ਦਾ ਦਸ ਹਜ਼ਾਰ ਇਨਾਮ ਵੀ ਹੈ।'

'ਨਾਂ ਦਾ ਨਹੀਂ ਪਤਾ?'

'ਨਹੀਂ।'

'ਚੰਗਾ ਹੀ ਕਰਨ ਲਗੇ ਨੇ। ਖ਼ੂਨੀ ਲੋਕ ਆਰਾਮ ਨਾਲ

ਨਹੀਂ ਜੀਣ ਦੇਂਦੇ। ਪੁਲੀਸ ਬਹੁਤ ਚੰਗਾ ਕਰ ਰਹੀ ਏ।' ਵੀਨਾ ਨੇ ਹੌਲੀ ਜਹੀ ਆਖਿਆ।

ਉਸ ਗਭਰੂ ਨੂੰ ਇਹ ਵਾਕ ਬੜੇ ਭੈੜੇ ਲਗੇ। ਉਸ ਨੇ ਵੀਨਾ ਵਲ ਮਥੇ ਤੇ ਤਿਊੜੀ ਪਾ ਕੇ ਦੇਖਿਆ ਤੇ ਬੜੇ ਰੋਹ ਨਾਲ ਆਖਿਆ, 'ਪੁਲੀਸ ਖਾਕ ਚੰਗਾ ਕਰ ਕਰ ਰਹੀ ਏ! ਦੇਸ਼ ਭਗਤਾਂ ਨੂੰ ਮਾਰ ਰਹੀਏ। ਜਿਸ ਲਾਲਚੀ ਨੇ ਪੁਲੀਸ ਨੂੰ ਸੂਹ ਦਿਤੀ ਏ। ਉਹ ਵੀ ਬੜਾ ਭੈੜਾ ਏ ਨਰਕਾਂ ਦਾ ਕੀੜਾ ਸਚ ਹੀ ਸਚ। ਭੁਲੇਖੇ ਵਾਸਤੇ ਥਾਂ ਹੀ ਕੋਈ ਨਹੀਂ ਸੀ। ਇਸ ਸਮੇਂ ਵੀ ਉਸ ਨੇ ਕੁਸ਼ਲਿਆ ਅਗੇ ਪ੍ਰਗਟ ਨਹੀਂ ਕੀਤਾ ਕਿ ਰਾਮ ਪ੍ਰਸਾਦ ਉਸਦਾ ਭਾਈ ਹੈ। ਕੁਸ਼ਲਿਆ ਨੂੰ ਉਕਾ ਚੇਤਾ ਹੀ ਨਹੀਂ ਸੀ ਕਿ ਉਸ ਨੇ ਵੀਨਾ ਨੂੰ ਕਦੀ ਰਾਮ ਪ੍ਰਸਾਦ ਦੇ ਬੰਗਲੇ ਤਕਿਆ ਸੀ। ਸੂਰਤਾਂ ਵਰਗੀਆਂ ਸੂਰਤਾਂ ਹੁੰਦੀਆਂ ਹਨ।

ਭੈਣਾ...ਹਸਪਤਾਲ ਦੇ ਬੂਹੇ ਅਪੜ ਪਈਆਂ। ਉਨ੍ਹਾਂ ਨੇ ਪਿਛੇ ਮੁੜਕੇ ਦੇਖਿਆ ਤਾਂ ਉਹ ਗਭਰੂ ਵੀ ਪਿਛੇ ਪਿਛੇ ਆ ਰਿਹਾ ਸੀ, ਜਿਸ ਕੋਲੋਂ ਕੁਸ਼ਲਿਆ ਨੇ ਪਹਿਲਾਂ ਪੁਛਿਆ ਸੀ।

ਜਦੋਂ ਉਹ ਹਸਪਤਾਲ ਦੇ ਹਾਤੇ ਅੰਦਰ ਦਾਖਲ ਹੋਈਆਂ ਤਾਂ ਵੀ ਉਹ ਪਿਛੇ ਪਿਛੇ ਸੀ। ਦੋਵੇਂ ਘਬਰਾ ਗਈਆਂ ਕਿ ਕਿਤੇ ਸੀ. ਆਈ. ਡੀ. ਦਾ ਆਦਮੀ ਨਾ ਹੋਵੇ। ਇੱਕ ਦੂਸਰੇ ਵੱਲ ਦੇਖਕੇ ਅੱਖਾਂ ਰਾਹੀਂ ਉਹ ਅਜੇ ਮਨੋ ਭਾਵਾਂ ਨੂੰ ਪ੍ਰਗਟ ਕਰ ਹੀ ਰਹੀਆਂ ਸਨ ਕਿ ਉਹ ਦਬਾ ਦਬ ਅਗੇ ਲੰਘ ਗਿਆ। ਉਸ ਨੂੰ ਕੋਲੋਂ ਲੰਘਦਾ ਤਕ ਕੇ ਕੁਸ਼ਲਿਆ ਨੇ

ਦਲੇਰੀ ਕੀਤੀ, 'ਭਰਾ ਜੀ ! ਕੀ ਮੈਂ ਪੁਛ ਸਕਦੀ ਹਾਂ, ਤੁਸੀਂ ਕੀ ਕੰਮ ਕਰਦੇ ਜੇ ?'

'ਮੈਂ ਜੀ ਮੈਡੀਕਲ ਕਾਲਜ ਦਾ ਵਦਿਆਰਥੀ ਹਾਂ ਹਸਪਤਾਲ ਚਲਿਆ ਹਾਂ, ਮੇਰੀ ਡਿਊਟੀ ਏ !'

ਦੋਹਾਂ ਭੈਣਾ ਦਾ ਦਿਲ ਧੜਕਣੋਂ ਮਠਾ ਹੋਇਆ।

'ਜੇ ਮੈਂ ਆਪ ਨੂੰ ਕੋਈ ਗਲ ਪੁਛਾਂ ਤਾਂ ਦਸ ਸਕਦੇ ਜੇ ? ਜਾਪਦੇ ਤਾਂ ਬੜੇ ਭਲੇ ਲੋਕ ਜੇ।

'ਹੁਕਮ ਕਰੋ।'

'ਰਤਾ ਰਾਹ ਵਿਚੋਂ ਪਾਸੇ ਹੋ ਜਾਓ।'

ਤਿੰਨੇ ਸੜਕ ਦੇ ਪਾਸੇ ਹੋ ਕੇ ਖਲੋ ਗਏ।

'ਏਥੇ ਇੱਕ ਬਾਬਾ ਜੀ ! ਕੋਈ ਬੰਬ ਕੇਸੀ ਆਇਆ ਏ ਜ਼ਖ਼ਮੀ ਹੋ ਕੇ। ਮੈਂ ਉਸ ਦੀ ਪੋਤਰੀ ਹਾਂ। ਮੈਨੂੰ ਦਸ ਸਕਦੇ ਜੇ ? ਕੀ ਮੈਂ ਮਿਲ ਸਕਾਂਗੀ ਉਹਨਾਂ ਨੂੰ ?'

ਗਭਰੂ ਸੋਚ ਕੇ, 'ਕੀ ਉਹ ਡੇਹਰਾ ਵਤਭਾਗ ਸਿੰਘ ਦੀਆਂ ਪਹਾੜੀਆਂ ਵਿਚੋਂ ਤਾਂ ਨਹੀਂ ਆਇਆ ?'

'ਹਾਂ ਜੀ।'

'ਉਸ ਨੂੰ ਮਿਲਣਾ ਔਖਾ ਹੈ। ਪੁਲੀਸ ਦੀ ਕਰੜੀ ਨਿਗਰਾਨੀ ਹੈ। ਜੇ ਤੁਸਾਂ ਇਹ ਦਸਿਆ ਕਿ ਤੁਸੀ ਬਾਬੇ ਦੀ ਪੋਤਰੀ ਹੋ ਤਾਂ ਤੁਸਾਂ ਕੋਲੋਂ ਉਹ ਕਈ ਕੁਝ ਪੁਛਣਗੇ। ਪੁਲੀਸ ਬੜੀ ਬਦਚਲਨ ਤੇ ਭੈੜੀ ਹੈ।

'ਫਿਰ ਸਾਡੀ ਕੋਈ ਮਦਦ ਕਰੋ। ਅਸਾਂ ਜ਼ਰੂਰ ਮਿਲਣਾ ਹੈ।'

ਗਭਰੂ ਨੇ ਕੁਸ਼ਲਿਆ ਤੇ ਵੀਨਾ ਵਲ ਧਿਆਨ ਨਾਲ ਤਕਿਆ ਉਨ੍ਹਾਂ ਦਾ ਚੇਹਰਾ, ਚੇਹਰੇ ਦੀ ਸੁੰਦਰਤਾ, ਅੱਖਾਂ ਦੀ ਰੰਗਤ, ਮੱਥੇ ਦਾ ਖੇਵਾ ਤੇ ਸੁੰਦਰ ਸੀ ਕਦਾਂ ਵਲ ਦੇਖਿਆ। ਪਤਾ ਨਹੀਂ ਉਸ ਦੇ ਕੀ ਚਿਤ ਆਇਅ। ਉਸਨੇ ਆਖਿਆ, 'ਆਓ ਮੇਰੇ ਨਾਲ।

ਚੁਪ ਚਾਪ ਦੋਵੇਂ ਉਸ ਦੇ ਸਾਥ ਹੋ ਤੁਰੀਆਂ।

# ੧੫.

ਲਾਹੌਰ ਸ਼ਹਿਰ ਦੇ ਲੋਕ ਰਾਤ ਨੂੰ ਤਾਂ ਬਾਰਾਂਇੱਕ ਵਜੇ ਤੋਂ ਪਹਿਲਾ ਸੁਤੇ ਨਹੀਂ ਸੀ ਉਠਦੇ। ਵਿਚਾਰੇ ਮੇਹਨਤੀ ਜਰੂਰ ਜਾਗਦੇ ਜਿਨ੍ਹਾਂ ਲਹੂ ਪਾਣੀ ਇਕ ਕਰਕੇ ਪੇਟ ਪਾਲਣਾ ਹੁੰਦਾ। ਹਾੜ ਹੋਵੇ ਜਾਂ ਸਿਆਲ਼ ਬੇ-ਅਰਾਮ ਅਖਬਾਰਾਂ ਵਾਲੇ ਜ਼ਰੂਰ ਪੰਜ ਵਜੇ ਜਾਕਦੇ...ਨਹੀਂ ਸ਼ਾਹੀ ਰਾਤ ਹੀ ਨਹੀਂ ਸੌਂਦੇ। ਪਹਿਲਾਂ ਖਬਰਾਂ ਆਈਆਂ ਤੇ ਛੱਪਦੀਆਂ ਰਹੀਆਂ। ਮਸ਼ੀਨਾ ਚਲਦੀਆਂ ਰਹੀਆਂ। ਵੇਚਣ ਵਾਲੇ ਦੋ ਵਜੇ ਘਰੋਂ ਤੁਰੇ ਤੇ ਤਿੰਨ ਵਜੇ ਦਫ਼ਤਰ ਦੇ ਬੂਹੇ ਅਗੇ ਪ੍ਰਚੇ ਲੈਂਦਿਆਂ ਨੂੰ ਪੰਜ ਵਜ ਗਏ। ਵਾਰੀ ਆਉਣੀ ਕਿਹੜੀ ਸੌਖੀ ਹੁੰਦੀ ਹੈ।

ਉਸ ਦਿਨ ਪੰਜ ਵਜੇ ਹੀ ਅਖਬਾਰ ਵੇਚਣ ਵਾਲਿਆਂ ਨੇ ਇਨ੍ਹਾਂ ਅਵਾਜ਼ਾਂ ਨਾਲ ਅਸਮਾਨ ਗੂੰਜਾ ਦਿੱਤਾ। ਸੁਤੇ ਲੋਕ ਉਠਾ ਦਿੱਤੇ। ਰਜਾਈਆਂ ਵਿਚੋਂ ਨਿਕਲ਼ ਕੇ ਨੰਗੇ ਹੀ ਬਾਹਰਲੇ ਦਰਵਾਜ਼ਿਆਂ ਤਕ ਆ ਗਏ। ਅਵਾਜ਼ ਸੀ, 'ਮਿਓ ਹਸਪਤਾਲ ਵਿਚ ਬੰਬ ਫਟ ਗਿਆ। ਚਾਰ ਪੋਲੀਸ ਦੇ ਆਹਲਾ ਅਫਸਰ ਮਾਰੇ ਗਏ। ਕਮਰੇ ਦੀ ਛੱਤ ਉਡ ਗਈ।.........ਹੁਸ਼ਿਆਰਪੁਰ ਦਾ ਸਾਬਕਾ ਪੁਲਸ ਕਪਤਾਨ ਇੰਨਕਲਾਬੀ ! ਗ੍ਰਿਫਤਾਰੀ ਵੇਲੇ

ਉਸ ਕੋਲੋਂ ਨਕਸ਼ੇ, ਗੁਪਤ ਲਿਖਤਾਂ ਅਤੇ ਕਈ ਤਰ੍ਹਾਂ ਦੇ ਬੰਬ ਨਿਕਲੇ। ਪੜ੍ਹੋ ਤਾਜ਼ੀਆਂ ਖਬਰਾਂ। ਕਲਕਤੇ ਦੇ ਇੱਕ ਮਿਜਸਟਰੇਟ ਨੂੰ ਕਮੀਲਾ ਦੀ ਇਕ ਕੁੜੀ ਨੇ ਮਾਰ ਦਿੱਤਾ......। ਬੰਬਈ ਵਿਚ ਗੋਲੀ ਚਲ ਗਈ...। ਉੱਠੋ ਸੁਤੇ ਲੋਕੋ ਪੜ੍ਹੋ! ਮਿਲਾਪ ਪ੍ਰਤਾਪ। ਟ੍ਰੀਬਿਊਨ। ਨਵੀਆਂ ਖਬਰਾਂ...ਅਖਬਾਰਾਂ।

ਪੂਰੇ ਪੂਰੇ ਸਫੇ ਦੇ ਮੋਟੇ ਸਿਰਲੇਖ ਸਨ। ਗਰਮ ਖਬਰਾਂ। ਪ੍ਰਚੇ ਹੱਥੋ ਹੱਥ ਵਿਕਣ ਲੱਗੇ।

ਪ੍ਰਤਾਪ ਤੇ ਮਿਲਪ ਦੀਆਂ ਖਬਰਾਂ ਦਾ ਪਹਿਲਾ ਸਿਰ-ਲੇਖ ਸੀ, 'ਮਿਓ ਹਸਪਤਾਲ ਵਿੱਚ ਬੰਬ ਫਟ ਗਿਆ। ਚਾਰ ਪੁਲੀਸ ਅਫਸਰ ਮਾਰੇ ਗਏ।' ਉਸ ਸਿਰਲੇਖ ਹੇਠ ਜੋ ਖਬਰ ਸੀ ਉਹ ਇਉਂ ਸੀ:—

ਲਾਹੌਰ ਅਜ ਸ਼ਾਮ ਦੇ ਚਾਰ ਵਜੇ ਮਿਜਸਟ੍ਰੇਟ ਰਾਮ ਕਾਪੂਰ, ਪੁਲਸਕਪਤਾਨ ਹੈਨਰੀ, ਇੰਸਪੈਕਟਰ ਘਨੀਆ ਲਾਲ, ਸੀ.ਆਈ.ਡੀ. ਇੰਨਸਪੈਕਟ੍ਰ ਪ੍ਰਤਾਪ ਸਿੰਘ, ਮਸ਼ਹੂਰ ਇੰਨਕਲਾਬੀ ਬਾਬਾ ਹਰਨਾਮ ਸਿੰਘ, ਉਰਫ 'ਪਹਾੜੀ ਸ਼ੇਰ', ਜੋ ਹਸਪਤਾਲ ਵਿਚ ਜ਼ਖਮੀਂ ਪਿਆ ਸੀ, ਦਾ ਬਿਆਨ ਲੈਣ ਵਾਸਤੇ ਗਏ। ਦੋ ਘੰਟੇ ਉਹ ਬਿਆਨ ਲਿੱਖਦੇ ਰਹੇ। ਬਿਆਨ ਲਿਖਣ ਵੇਲੇ ਡਾਕਟਰ ਕੋਹਲੀ ਵੀ ਕੋਲ ਸੀ। ਬਿਆਨ ਜਦੋਂ ਮੁਕਣ ਲੱਗਾ ਤਾਂ ਡਾਕਟਰ ਸਾਹਿਬ ਤਾਂ ਕਿਸੇ ਕੰਮ ਬਾਹਰ ਆ ਅਏ। ਉਨ੍ਹਾਂ ਦੇ ਜਾਣ ਦੇ ਤਿੰਨ ਕੁ ਮਿੰਟਾਂ ਪਿਛੋਂ ਇੱਕ ਜ਼ੋਰ ਦਾ ਭੜਾਕਾ ਪਿਆ। ਉਸ ਖੜਕੇ ਨੂੰ ਸੁਣਕੇ ਬਾਹਰ ਖਲੋਤੇ ਸਿਪਾਹੀ ਦੋ ਨਸ਼ ਗਏ ਤੇ ਇੱਕ ਉਥੇ ਹੀ ਡਿਗ ਪਿਆ। ਕਮਰੇ ਦੀ ਛਤ

ਪਾਟੀ ਪਰ ਬੋੜੀ। ਸਾਰਾ ਬੰਬ ਅੰਦਰੇ ਹੀ ਖਿਲਰਿਆ ਅਰਨਲ ਬਰੂਚੇ ਅਤੇ ਉਸ ਦੇ ਸਾਥੀ ਡਾਕਟਰ, ਡਿਪਟਾ ਕਮਿਸ਼ਨਰ ਸਾਹਬ ਅਤੇ ਹੋਰ ਡਿਪਟੀ ਕਮਿਸ਼ਨਰ ਸਾਹਿਬ ਅਤੇ ਹੋਰ ਅਫਸਰ ਖਬਰ ਮਿਲਨ ਉਤੇ ਮੌਕੇ ਤੇ ਪੁੱਜੇ। ਕਮਰੇ ਵਿਚ ਦਾਖਲ ਹੋ ਕੇ ਜਦੋਂ ਵੇਖਿਆ ਤਾਂ ਪੰਜ ਲੋਥਾਂ ਸਨ, ਜਿਨ੍ਹਾਂ ਦੀਆਂ ਸ਼ਕਲਾਂ ਪਛਾਣੀਆਂ ਨਹੀਂ ਸਨ ਜਾਂਦੀਆਂ ਕਾਲੀਆਂ, ਕਾਲੀਆਂ ਧੂਤ ਹੋਈਆਂ ਹੋਈਆਂ ਸੀ। ਕਿਸੇ ਦਾ ਸਿਰ ਕਿਸੇ ਪਾਸੇ ਸੀ ਤੇ ਕਿਸੇ ਦਾ ਮੂੰਹ। ਕਿਸੇ ਦੀ ਬਾਂਹ ਨਾਲ ਨਹੀਂ ਸੀ। ਪਹਾੜੀ ਸ਼ੇਰ ਦਾ ਇਕ ਹੱਥ ਉਡਿਆ ਹੋਇਆ ਸੀ ਤੇ ਧੜਦੇ ਦੋ ਟੋਟੇ ਹੋਏ ਸਨ।...ਨਤੀਜਾ ਇਹ ਕਢਿਆ ਗਿਆ ਹੈ ਕਿ ਦੋਸ਼ੀ ਦੇ ਕੋਲ ਮੰਜੇ ਦੇ ਸਿਰਹਾਣੇ-ਲੀੜਿਆਂ ਦੇ ਹੇਠਾਂ ਦੋ ਬੰਬ ਲੁਕੋਏ ਹੋਏ ਸਨ। ਜਦੋਂ ਉਸ ਨੇ ਬਿਆਨ ਲਿਖਵਾ ਦਿੱਤਾ ਤਾਂ ਉਸ ਨੇ ਅਫਸਰਾਂ ਦੀ ਜਾਨ ਲੈਣ ਦਾ ਹੌਂਸਲਾ ਕੀਤਾ। ਆਪ ਤਾਂ ਉਹ ਮਰਿਆ ਹੀ ਹੋਇਆ ਸੀ। ਉਸ ਨੇ ਸਿਰਹਾਣੇ ਹੇਠੋਂ ਬੰਬ ਹੇਠਾਂ ਖਿਸਕਾ ਦਿੱਤਾ। ਉਹ ਫਰਸ਼ ਉਤੇ ਵਜ ਕੇ ਫਟ ਗਿਆ। ਤੇ ਦੂਸਰਾ ਪਹਿਲੇ ਦੇ ਫਟਨ ਪਿਛੋਂ ਫਟ ਗਿਆ। ਬਿਆਨ, ਅਫਸਰ ਤੇ ਪਹਾੜੀ ਸ਼ੇਰ ਸਭ ਦਾ ਅੰਤ ਹੋਗਿਆ। ਪੁਲੀਸ ਪੜਤਾਲ ਵਿਚ ਰੁਝ ਗਈ ਹੈ ਕਿ ਅੰਦਰ ਬੰਬ ਆਇਆ ਕਿਵੇਂ। ਅਜੇ ਗ੍ਰਿਫਤਾਰੀ ਨਹੀਂ ਹੋਈ। ਸਾਰੇ ਹਸਪਤਾਲ ਨੂੰ ਪੁਲੀਸ ਨੇ ਘੇਰਾ ਪਾਇਆ ਹੋਇਆ ਹੈ।

... ... ... ... ... ... ...

ਛੱਪਦਿਆਂ ਛੱਪਦਿਆਂ ਖਬਰ ਮਿਲੀ ਹੈ ਕਿ

ਹਸਪਤਾਲ ਦੀ ਇੱਕ ਨਰਸ, ਜੋ ਪਹਾੜੀ ਸ਼ੇਰ ਦੀ ਸੇਵਾ ਕਰਦੀ ਸੀ, ਉਹ ਕਿਤੇ ਲੁਕ ਗਈ ਹੈ। ਉਸ ਦੀ ਭਾਲ ਹੋ ਰਹੀ ਹੈ। ਮੈਡੀਕਲ ਕਾਲਜ ਦਾ ਇੱਕ ਮੁੰਡਾ ਪ੍ਰੇਮ ਨਾਥ ਗ੍ਰਿਫਤਾਰ ਕੀਤਾ ਗਿਆ ਹੈ। ਪੁਲੀਸ ਉਸ ਨੂੰ ਕਿਲੇ ਵਿਚ ਲੈ ਗਈ ਹੈ।"

ਮਿਲਾਪ ਦੀ ਖਬਰ ਸੀ, '...ਅਨਾਰ ਕਲੀ ਦੀ ਇੱਕ ਬੈਠਕ ਵਿਚੋਂ ਰਾਮ ਪ੍ਰਸਾਦ ਨਾਂ ਦਾ ਇੱਕ ਇੰਨਕਲਾਬੀ ਗ੍ਰਿਫਤਾਰ ਕੀਤਾ ਗਿਆ ਹੈ। ਉਸ ਦੇ ਕੋਲੋਂ ਗਵਨਰ ਪੰਜਾਬ ਦੀ ਕੋਠੀ ਦਾ ਨਕਸ਼ਾ ਮਿਲਿਆ ਹੈ, ਜਿਸ ਨੂੰ ਬੰਬਾਂ ਨਾਲ ਉਡਾਉਣ ਦੀ ਵਿਉਂਤ ਸੀ। ਅੰਮ੍ਰੀਕਨ ਅਤੇ ਦੇਸੀ ਬਾਰਾਂ ਬੰਬ ਨਿਕਲੇ ਹਨ। ਕੁਝਕੁ ਚਿੱਠੀਆਂ ਹਨ, ਜਿਨ੍ਹਾਂ ਨੂੰ ਪੁਲੀਸ ਨੇ ਕਬਜ਼ੇ ਵਿਚ ਲੈ ਲਿਆ ਹੈ।........

ਦਸਿਆ ਜਾਂਦਾ ਹੈ ਕਿ ਰਾਮਪ੍ਰਸਾਦ ਪੁਲੀਸ ਕਪਤਾਨ ਹੈ। ਪੁਲਸ ਵਿੱਚ ਇਸ ਦੀ ਚੌਦਾਂ ਸਾਲ ਨੌਕਰੀ ਹੈ। ਹੁਸ਼ਿਆਰਪੁਰ ਕਪਤਾਨ ਲੱਗਾ ਸੀ। ਆਪਣੀ ਕੋਠੀ ਇਸ ਨੇ ਇੰਨਕਲਾਬੀਆਂ ਉਤੇ ਗੋਲੀ ਚਲਾਈ ਤੇ ਕਈ ਆਦਮੀ ਮਾਰੇ।...ਬਾਗ਼ੀ ਸੁੰਦਰੀ ਤੇ ਪਹਾੜੀ ਸ਼ੇਰ ਨੇ ਇਸ ਨੂੰ ਮਾਰਨ ਦੀ ਧਮਕੀ ਦਿੱਤੀ। ਉਸ ਧਮਕੀ ਦੇ ਪੰਜ ਦਿਨ ਪਿਛੋਂ ਰਾਮ ਪ੍ਰਸਾਦਿ ਨੇ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਤੇ ਆਪ ਅਲੋਪ ਹੋ ਗਿਆ...ਗੁਪਤ ਰਹਿਣ ਦਾ ਸਮਾਂ ਇੰਨਕਲਾਬੀ ਸੰਗਤ ਹੈ। ਯੂ. ਪੀ. ਤੇ ਦਿੱਲੀ ਵਿੱਚ ਜੋ ਵਡੇ ਅਫਸਰਾਂ ਦੇ ਕਤਲ ਹੋਏ ਨੇ, ਉਨ੍ਹਾਂ ਸਾਰਿਆਂ ਦੀ ਜੁੰਮੇਵਾਰੀ ਏਸੇ ਸਿਰ ਹੈ।......ਇਹ ਵੀ ਦਸਿਆ ਜਾਂਦਾ ਹੈ ਕਿ ਆਪ ਦੀ ਭੈਣ ਵੀਨਾਵਤੀ ਜੋ ਬੀ.

ਏ. ਕਲਕਤਾ ਯੂਨੀਵਰਸਟੀ ਦੀ ਹੈ, ਜੁਗ-ਗਰਦਾਂ ਦੀ ਆਗੂ ਹੈ, ਪੁਲੀਸ ਦੋ ਸਾਲ ਤੋਂ ਉਸਦੀ ਢੂੰਡ ਵਿਚ ਹੈ। ਉਸਦਾ ਕੋਈ ਪਤਾ ਨਹੀਂ ਲਗਦਾ ਕਿ ਉਹ ਕਿੱਥੇ ਤੇ ਕਿਵੇਂ ਹੈ? ਮਰ ਗਈ ਕਿ ਜੀਉਂਦੀ ਹੈ। ਪੰਜਾਬ ਤੇ ਕੇਂਦਰ ਦੀ ਪੁਲੀਸ ਲਭਦੀ ਹਾਰ ਥੱਕੀ ਹੈ।

ਪੁਲੀਸ ਅਫਸਰਾਂ ਨੂੰ ਭਰੋਸਾ ਹੈ ਕਿ ਇਸ ਦੇ ਪੁਛਣ ਦਸਣ ਤੇ ਕਈਆਂ ਵਡੀਆਂ ਇਨਕਲਾਬੀ ਸਾਜ਼ਸ਼ਾਂ ਦਾ ਪਤਾ ਚਲੇਗਾ। ਰਾਮ ਪ੍ਰਸਾਦ ਨੂੰ ਕਿਲੇ ਵਿਚ ਰਖਿਆ ਗਿਆ ਹੈ।

ਇਨ੍ਹਾਂ ਦੋਹਾਂ ਘਟਨਾਵਾਂ ਦਾ ਅਸਰ ਪੰਜਾਬ ਦੇ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਦੇ ਵਾਯੂਮੰਡਲ ਉਤੇ ਬੜਾ ਚੰਗਾ ਪਿਆ। ਕੌਮ ਵਿਚ ਜਾਗਰਤ ਆ ਗਈ। ਹਕੂਮਤ ਜਿੰਨੀ ਸਖਤੀ ਕਰਦੀ ਜੀ, ਉਨੇ ਹੀ ਲੋਕਾਂ ਦੇ ਜਜ਼ਬਾਤ ਉਛਲਦੇ ਸਨ। ਠੀਕ ਉਸੇ ਤਰ੍ਹਾਂ ਜਿਵੇਂ ਫੁਟਬਾਲ ਨੂੰ ਜਿੰਨੀ ਸਟ ਲਾਈ ਜਾਏ ਉੱਨਾ ਹੀ ਉਹ ਉਪਰ ਉਛਲਦਾ ਹੈ। ਹਕੂਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਲਾ: ਲਾਜਪਤ ਰਾਏ ਦੀ ਸ਼ਹੀਦੀ ਨੇ ਅਗੇ ਹੀ ਪੰਜਾਬ ਵਿੱਚ ਗੁਸੇ ਦੇ ਲੰਬੂ ਲਾਏ ਹੋਏ ਸਨ। ਭਗਤ ਸਿੰਘ ਦੀ ਗ੍ਰਿਫਤਾਰੀ ਹੋਰ ਨੌਜੁਆਨਾਂ ਨੂੰ ਜੇਹਲਾਂ ਵਿਚ ਰਖਣਾ ਆਦਿਕ ਘਟਨਾਵਾਂ ਐਸੀਆਂ ਸਨ ਜੋ ਬਦ-ਅਮਣੀ ਨੂੰ ਜੋਸ਼ ਦੇ ਰਹੀਆਂ ਸਨ।

ਬਾਬਾ ਜੀ—ਪਹਾੜੀ ਸ਼ੇਰ ਨੂੰ 'ਅਮਰ-ਸ਼ਹੀਦ' ਦੀ ਪਦਵੀ ਦਿਤੀ ਗਈ। ਹਰ ਜਲਸੇ ਵਿੱਚ ਉਸ ਦੀ ਉਪਮਾਂ ਹੋਣ ਲੱਗੀ। ਉਸਦਾ ਜੀਵਨ ਇੱਕ ਚਾਨਣ ਮੁਨਾਰੇ ਦਾ ਕੰਮ

ਦੇਣ ਲੱਗਾ। ਵਤਨ ਤੋਂ ਜਾਨ ਵਾਰਣ ਤੋਂ ਬਿਨਾਂ ਹੋਰ ਕੋਈ ਚੰਗਾ ਕੰਮ ਨਹੀਂ ਤੇ ਦੁਸ਼ਮਨ ਨੂੰ ਮਾਰ ਕੇ ਮਰਨਾ ਬਹਾਦਰੀ ਹੈ। ਸਾਰੀ ਉਮਰ ਅਜ਼ਾਦੀ ਦੀ ਭੇਟ ਚੜ੍ਹਾ ਦਿੱਤੀ।

ਪਰ ਸਭ ਨੂੰ ਹੈਰਾਨ ਕਰਨ ਵਾਲੀ ਇਹ ਗਲ ਸੀ ਕਿ ਪੁਲਸ ਦੀ ਨਿਗਰਾਨੀ ਹੋਣ ਤੇ ਵੀ ਬਾਬਾ ਜੀ ਕੋਲ ਬੰਬ ਕਿਵੇਂ ਪੁੱਜ ਗਏ ? ਡਾਕਟਰਾਂ ਤੇ ਨਰਸਾਂ ਦੇ ਬਿਨਾਂ ਉਸ ਨੂੰ ਹੋਰ ਕੋਈ ਮਿਲਦਾ ਨਹੀਂ ਸੀ। ਇਹ ਗੁਪਤ ਕੱਥਾ ਇਉਂ ਹੈ:-
ਕੁਸ਼ਲਿਆ ਤੇ ਵੀਨਾ ਜਿਸ ਗਭਰੂ ਨੂੰ ਮਿਲੀਆ ਸਨ। ਉਹ ਮੈਡੀਕਲ ਕਾਲਜ ਦੇ ਚੌਥੇ ਸਾਲ ਦਾ ਵਿਦਿਆਰਥੀ ਪ੍ਰੇਮ ਨਾਥ ਸੀ। ਹਸਪਤਾਲ ਵਿਚ ਉਸ ਦਾ ਆਉਣ ਜਾਣ ਚੰਗਾ ਸੀ। ਹੱਸ-ਮੁਖਾ ਤੇ ਸਿਆਣਾ ਵਿਦਿਆਰਥੀ ਹੋਣ ਕਰਕੇ ਉਸ ਦਾ ਮੇਲ-ਮਿਲਾਪ ਨਰਸਾਂ, ਕੰਪੌਡਰਾਂ ਤੇ ਡਾਕਟਰਾਂ ਨਾਲ ਵਾਹਵਾ ਸੀ। ਉਸ ਨੇ ਇਕ ਨਰਸ ਨੂੰ ਲਾਲਚ ਦੇ ਕੇ ਉਸ ਦੇ ਲੀੜੇ ਕੁਸ਼ਲਿਆ ਨੂੰ ਪਵਾਏ ਤੇ ਦੂਸਰੀ ਨਰਸ ਨੂੰ ਰੁਪੈ ਦੇ ਕੇ ਉਸ ਨੂੰ ਮੰਨਾਇਆ ਕਿ ਉਹ ਬਾਬਾ ਜੀ ਕੋਲ ਕੁਸ਼ਲਿਆ ਨੂੰ ਲਏ ਜਾਏ। ਜੋ ਸਿਪਾਹੀ ਡਿਊਟੀ ਤੇ ਹੋਵੇ, ਉਸ ਨੂੰ ਜਿਵੇਂ ਹੋਵੇ ਖੁਸ਼ ਵੀ ਕਰੇ ਤਾਂਕਿ ਉਹ ਕੋਈ ਰਕਾਵਟ ਨ ਪਾਏ।

ਉਸ ਵੇਲੇ ਜ਼ਿਲ੍ਹਾ ਗੁਜ਼ਰਾਤ ਦਾ ਮੁਸਲਮਾਨ ਹਵਾਲ-ਦਾਰ ਸੀ, ਉਹ ਬੜੀ ਰੰਗੀਲੀ ਤਬੀਅਤ ਦਾ ਆਦਮੀ ਸੀ। ਜਦੋਂ ਨਰਸ ਕੁਸ਼ਲਿਆ ਨੂੰ ਨਾਲ ਲੈ ਕੇ ਗਈ ਤਾਂ ਹਵਾਲਦਾਰ ਨੇ ਪੁਛਿਆ ਕਿ ਇਹ ਕੌਣ ਹੈ ? ਤਾਂ ਨਰਸ ਨੇ ਬੜੇ ਨਖਰੇ ਤੇ ਨਿਰਾਲੀ ਮੁਸਕਰਾਹਟ ਨਾਲ ਉਤਰ ਦਿੱਤਾ, 'ਇਹ ਜੀ

ਨਵੀਂ ਨਰਸ ਆਈ ਹੈ। ਮੈਂ ਇਸ ਨੂੰ ਬੀਮਾਰ ਦਿਖਾਉਣ ਲਗੀ ਹਾਂ। ਹੁਣ ਇਹ ਸੇਵਾ ਕਰੇਗੀ।'

ਹਵਾਲਦਾਰ ਨੇ ਅੰਦਰ ਜਾਣ ਦੀ ਖੁਲ੍ਹ ਦੇ ਦਿੱਤੀ।'

'ਕੁਸ਼ਲਿਆ ਬਾਬਾ ਜੀ ਦੇ ਕੋਲ ਗਈ ਧਿਆਨ ਨਾਲ ਦੇਖਿਆ, ਬਾਬਾ ਜੀ ਦਾ ਹੁਲੀਆ । ਬਿਲਕੁਲ ਬਦਲਿਆ ਹੋਇਆ ਸੀ। ਨਿਰਾ ਹੱਡੀਆਂ ਦਾ ਪਿੰਜਰ। ਮਾਸ ਤੇ ਲਹੂ ਸੁਕ ਚੁੱਕਾ ਸੀ। ਪਰ ਅੱਖਾਂ ਵਿਚ ਰੋਸ਼ਨੀ ਤੇਜ਼ ਸੀ, ਉਹ ਆਏ ਗਏ ਨੂੰ ਪਛਾਣ ਸਕਦਾ ਸੀ, ਜਾਣੂਆਂ ਨੂੰ ਤਾਂ ਭੁਲਦਾ ਨਹੀਂ ਸੀ, ਪਰ ਜਾਣੂ ਆਉਂਦਾ ਕੋਈ ਨਹੀਂ ਸੀ।

ਜਦੋਂ ਬਾਬਾ ਜੀ ਨੇ ਕੁਸ਼ਲਿਆ ਨੂੰ ਦੇਖਿਆ ਤਾਂ ਉਸ ਦੇ ਚੇਹਰੇ ਦਾ ਰੰਗ ਬਦਲ ਗਿਆ। ਖੁਸ਼ੀ ਦੀ ਲਹਿਰ ਦੌੜ ਗਈ, ਮੁਸਕਰਾਇਆ ਤੇ ਹੌਲੀ ਜਹੀ ਬੋਲਿਆ, 'ਬਾਕੀ ਡਾਕਟਰ ਤੇ ਨਰਸਾ ਤਕੜੀਆਂ ਹਨ ?'

ਕੁਸ਼ਲਿਆ ਅਰਥ ਸਮਝ ਗਈ, 'ਹਾਂ ਜੀ।'

'ਮੈਂ ਬਹੁਤ ਤੰਗ ਹਾਂ। ਮੇਰੇ ਵਾਸਤੇ ਦੋ ਸੇਅ ਕਿਤੇ ਲਿਆ ਦਿਓ ਤਾਂ ਚੰਗਾ। ਪਰਸੋਂ ਨੂੰ ਨਾਲੇ ਪੁਲਸ ਦੇ ਚਾਰ ਪੰਜ ਅਫਸਰ ਬਿਆਨ ਲੈਣ ਵਾਸਤੇ ਆਉਣਗੇ, ਉਨ੍ਹਾਂ ਦੀ ਵੀ ਸੇਵਾ ਕਰ ਦਿਆਂਗਾ। ਜ਼ਰੂਰ ਹੀ।'

ਕੁਸ਼ਲਿਆ ਇਸ ਭੇਦ ਭਰੇ ਵਾਕ ਦਾ ਵੀ ਅਰਥ-ਭਾਵ ਸਮਝ ਗਈ। ਇਨਕਲਾਬੀ 'ਸੇਆਂ' ਦਾ ਭਾਵ 'ਬੰਬ' ਤੇ ਕਿਸੇ ਦੀ ਸੇਵਾ ਕਰਨ ਦਾ ਮਤਲਬ ਉਸਨੂੰ ਮਾਰਨਾ ਲੈਂਦੇ ਸਨ।

ਤਿੰਨ ਕੁ ਮਿੰਟ ਕੋਲ ਬੈਠ ਕੇ ਕੁਸ਼ਲਿਆ ਤੁਰ ਆਈ

ਉਸਨੇ ਮੁਲਾਕਾਤ ਦਾ ਸਾਰਾ ਭਾਵ ਵੀਨਾ ਨੂੰ ਦਸਿਆ ਦੋਵੇਂ ਆਪਣੇ ਟਕਾਣੇ ਆ ਗਈਆਂ ਤੇ ਬਾਬਾ ਜੀ ਦੇ ਮਨੋਰਥ ਤੋਂ ਪਾਰਟੀ ਨੂੰ ਵੀ ਜਾਣੂ ਕਰਾ ਦਿੱਤਾ।

ਅਗਲੇ ਦਿਨ ਵੀਨਾ ਨੇ ਦੋ ਬੰਬ ਜੇਬ ਵਿੱਚ ਪਾ ਲਏ। ਲੀੜੇ ਦੀ ਬੁਕਲ ਮਾਰ ਕੇ ਹਸਪਤਾਲ ਪਹੁੰਚ ਗਈ ਤੇ ਕੁਸ਼ਲਿਆ ਨੂੰ ਉਹ ਦੋਵੇਂ ਬੰਬ ਦੇ ਕੇ ਭੇਜ ਦਿੱਤਾ। ਉਹ ਬਾਬਾ ਜੀ ਤਕ ਪੁਜਣ ਵਿਚ ਕਾਮਯਾਬ ਹੋ ਗਈ ਤੇ ਦੋਵੇਂ ਬੰਬ ਬਾਬਾ ਜੀ ਦੇ ਸਿਰਹਾਣੇ ਹੇਠ ਰੱਖ ਕੇ ਉਸ ਨੂੰ ਆਖ ਦਿਤਾ, "ਲੌ ਸੇਅ ਦੋ ਪੁੱਜ ਗਏ ਜੇ। ਭੁਲ ਚੁੱਕ ਮੁਆਫ।"

'ਪੁੱਤਰੀ ਮੇਲੇ ਅਗਲੀ ਦੁਨੀਆਂ ਵਿਚ, ਸੇਵਾ ਜਗਤ ਦੀ ਕਰਿਓ। ਵਤਨ ਜਦੋਂ ਆਜ਼ਾਦ ਹੋਇਆ ਤਾਂ ਮੈਨੂੰ ਵੀ ਵੀ ਯਾਦ ਕਰ ਛੱਡਿਓ।'

ਬਸ ਉਸ ਦਿਨ ਦੇ ਪਿਛੋਂ ਕੁਸ਼ਲਿਆ ਬਾਬਾ ਜੀ ਨੂੰ ਮੁੜ ਮਿਲਣ ਨਹੀਂ ਗਈ। ਦੂਸਰੇ ਦਿਨ ਪਿਛੋਂ ਬੰਬਾਂ ਦੇ ਚਲਣ ਦੀ ਘਟਨਾ ਵਾਪਰ ਪਈ।

—o—

# ੧੬.

ਬਾਬਾ ਹਰਨਾਮ ਸਿੰਘ ਉਰਫ 'ਪਹਾੜੀ ਸ਼ੇਰ' ਦੇ ਸ਼ਹੀਦ ਹੋਣ ਤੇ ਬਾਬੇ ਦੀ ਪਾਰਟੀ ਦੀ ਲੜਾਈ ਨਾ ਮੁੱਕੀ। ਨਾ ਪੁਲਸ ਨੇ ਉਨ੍ਹਾਂ ਦਾ ਖਿਆਲ ਛੱਡਿਆ ਤੇ ਨਾ ਵੀਨਾ ਤੇ ਉਸਦੇ ਸਾਥੀਆਂ ਨੇ ਪੁਲਸ ਤੇ ਵਡੇ ਅਫਸਰਾਂ ਨੂੰ ਮੁਆਫ ਕੀਤਾ। ਪ੍ਰੇਮ ਨਾਥ ਤੇ ਰਾਮ ਪ੍ਰਸਾਦ ਦੀ ਗ੍ਰਿਫਤਾਰੀ ਨੇ ਨਵਾਂ ਖ਼ਤਰਾ ਪੈਦਾ ਕਰ ਦਿੱਤਾ।

ਰਾਮ ਪ੍ਰਸ਼ਾਦ ਵੀਨਾ ਦਾ ਵਡਾ ਭਰਾ ਸੀ। ਭੈਣ ਦੀ ਦੇਸ਼-ਸੇਵਾ ਤੇ ਕੁਰਬਾਨੀ ਨੂੰ ਅਨੁਭਵ ਕਰਕੇ ਸਰਕਾਰੀ ਨੌਕਰੀ ਛੱਡ ਦਿੱਤੀ। ਟਬਰ ਨੂੰ ਪੇਕੇ ਭੇਜ ਦਿੱਤਾ ਤੇ ਆਪ ਬਾਗ਼ੀਆਂ ਨਾਲ ਰਲ ਗਿਆ। ਗ੍ਰਿਫਤਾਰੀ ਸਮੇਂ ਉਸਦੇ ਕਬਜ਼ੇ ਵਿਚੋਂ ਬਹੁਤ ਸਾਰਾ ਰੀਕਾਰਡ ਮਿਲਿਆ, ਉਸ ਰੀਕਾਰਡ ਨੇ ਤਾਂ ਸ਼ਾਇਦ ਐਨਾ ਨੁਕਸਾਨ ਨਹੀਂ ਸੀ ਕਰਨਾ ਪਰ ਇਹ ਖ਼ਤਰਾ ਸੀ ਕਿ ਕਿਤੇ ਉਹ ਕਮਜ਼ੋਰ ਮਨ ਨਾ ਬਣ ਜਾਏ। ਪੁਲਸ ਦੀਆਂ ਸਖਤੀਆਂ ਤੋਂ ਘਬਰਾ ਕੇ ਪਾਰਟੀ ਦੇ ਹੋਰ ਆਦਮੀ ਨਾ ਫੜਾ ਦੇਵੇ।

ਵੀਨਾ ਨੇ ਜਨ, ਗਨ, ਮਨ, ਅਤੇ ਹੋਰ ਸਾਥੀਆਂ ਨੂੰ ਸੱਦਾ ਦਿੱਤਾ। ਉਸ ਸੱਦੇ ਦਾ ਭਾਵ ਸੀ ਕਿ ਕਿਸੇ ਗੁਪਤ ਥਾਂ ਤੇ ਇੱਕਠ ਕਰਕੇ ਇਹ ਵਿਚਾਰ ਕਰਨੀ ਕਿ ਰਾਮ ਪ੍ਰਸਾਦ ਅਤੇ ਪ੍ਰੇਮ ਨਾਥ ਨੂੰ ਪੁਲੀਸ ਦੇ ਪੰਜੇ ਵਿੱਚੋਂ ਕਿਵੇਂ ਛਡਾਇਆ ਜਾਏ।

ਐਤਵਾਰ ਦਾ ਦਿਨ ਤੇ ਤਿਖੜ ਦੁਪਹਿਰ ਦਾ ਸਮਾਂ ਸੀ। ਲਾਹੌਰ ਤੋਂ ਅੱਠ ਮੀਲ ਦੂਰ, ਦਰਿਆ ਰਾਵੀ ਦੇ ਕਿਨਾਰੇ, ਕਾਨਿਆਂ ਤੇ ਝਾੜੀਆਂ ਦੇ ਝਲ ਵਿਚਾਲੇ ਇੱਕ ਵਡੀ ਟਾਹਲੀ ਦੇ ਹੇਠਾਂ ਵੀਨਾ ਦੀ ਪਾਰਟੀ ਦੀ ਇੱਕਤ੍ਰਤਾ ਹੋ ਰਹੀ ਸੀ। ਗਰਮੀ ਬਹੁਤ ਸੀ। ਇੱਕ ਵਜ ਚੁੱਕਾ ਸੀ ਤੇ ਪਸ਼ੂ-ਪੰਛੀ ਵੀ ਛਾਂ ਦੀ ਆੜ ਤਲੀ-ਝਲ ਵਿਚ ਪਹੁੰਚੇ ਸਨ। ਇਸ ਵਿਚਾਰ ਨਾਲ ਕਿ ਰਾਤ ਪੁਲਸ ਬਹੁਤਾ ਖਿਆਲ ਕਰਦੀ ਹੈ। ਦਿਨੇ ਝਲਾਂ ਵਿੱਚ ਨਹੀਂ ਆਉਂਦੀ ਜਾਂਦੀ ਤੇ ਜੇ ਪੁਲਸ ਵੇਖ ਵੀ ਲਵੇ ਤਾਂ ਖੁਲ੍ਹੀ ਥਾਂ ਤੋਂ ਬਚਣਾ ਸੌਖਾ ਹੁੰਦਾ ਹੈ। ਕਿਸੇ ਸ਼ਹਿਰ ਜਾਂ ਪਿੰਡ ਦੇ ਕਿਸੇ ਮਕਾਨ ਵਿੱਚ ਮੀਟਿੰਗ ਕਰਨੀ ਬਹੁਤੀ ਖ਼ਤਰਨਾਕ ਹੁੰਦੀ ਸੀ। ਨਿੱਕੇ ਮੋਟੇ ਸਰਕਾਰੀ ਅਫਸਰ ਤੇ ਟੋਡੀ ਨੂੰ ਸਰਕਾਰ ਵਲੋਂ ਹੁਕਮ ਹੁੰਦਾ ਸੀ ਕਿ ਉਹ ਹਰ ਇਕ ਸ਼ਕ ਵਾਲੇ ਬੰਦੇ ਦਾ ਪਤਾ ਦੇਵੇ। ਮਰਬਿਆਂ, ਈਨਾਮਾਂ ਅਤੇ ਖਤਾਬਾਂ ਦੀ ਭੁੱਖ ਵਾਲੇ ਲੋਕ ਅੰਗ੍ਰੇਜ਼ੀ ਸਰਕਾਰ ਦੀ ਸਹਾਇਤਾ ਕਰਦੇ ਸਨ ਤੇ ਦੇਸ਼ ਭਗਤਾਂ ਨੂੰ ਫੜਾਉਂਦੇ ਤੇ ਫਾਹੇ ਲਵਾਉਂਦੇ ਸਨ। ਉਹ ਸਮਝਦੇ ਸੀ ਅੰਗ੍ਰੇਜ਼ੀ ਰਾਜ ਨੇ ਸਦਾ ਰਹਿਣਾ ਹੈ। ਦੇਸ਼-ਭਗਤਾਂ ਨੂੰ ਆਪਣਿਆ ਕੋਲੋਂ ਹੀ

ਭਰ ਸੀ। ਪੈਂਤੀ ਕਰੋੜ ਦੀ ਵਸੋਂ ਉਤੇ ਰਾਜ ਕਰਨ ਵਾਲੇ ਅੰਗਰੇਜ਼ ਹਿੰਦ ਵਿਚ ਸਿਰਫ ਕੁਝ ਲੱਖ ਹੀ ਸਨ।

ਪਾਰਟੀ ਪੰਜੀ ਕੁ ਵਫ਼ਾਦਾਰ ਕਾਰਕੁਨ ਇੱਕਠੇ ਹੋਏ। 'ਪਹਾੜੀ ਸ਼ੇਰ' ਦੀ ਪ੍ਰਧਾਨਗੀ ਤੋਂ ਬਿਨਾ ਇਹ ਪਹਿਲੀ ਇੱਕਤ੍ਰਤਾ ਸੀ। ਇਸ ਇਕਤ੍ਰਤਾ ਦੀ ਪ੍ਰਧਾਨ ਬੀਬੀ ਵੀਨਾ ਨੂੰ ਚੁਣਿਆ ਗਿਆ। ਵੀਨਾ ਦੀ ਵਫਾਦਾਰੀ, ਬਹਾਦਰੀ, ਦ੍ਰਿੜ ਵਿਸ਼ਵਾਸੀ ਅਤੇ ਤਿਆਗ ਦੀ ਰੂਹ ਦੇ ਕਾਰਨ ਉਹੋ ਹੀ ਪ੍ਰਧਾਨਗੀ ਦੇ ਯੋਗ ਸੀ। 'ਪਹਾੜੀ ਸ਼ੇਰ' ਦੀ ਥਾਂ ਵੀਨਾ ਨੇ ਸੰਭਾਲੀ ਤੇ ਉਸ ਦਾ ਉਪਨਾਮ 'ਬਾਗ਼ੀ ਸੁੰਦਰੀ' ਰੱਖਿਆ ਗਿਆ।

ਵੀਨਾ ਨੇ ਪ੍ਰਧਾਨਗੀ ਦੀ ਜ਼ੁੰਮੇਵਾਰੀ ਸੰਭਾਲਦਿਆਂ ਹੋਇਆਂ ਆਖਿਆ–"ਅਸਾਂ ਦਾ ਵਿਚਾਰ ਸੀ ਕਿ ਤਸ਼ਦਦ–ਖ਼ੂਨ ਖ਼ਰਾਬਾ–ਛੱਡਕੇ ਕੋਈ ਉਸਾਰੂ ਸਕੀਮ ਬਣਾ ਕੇ ਜਨਤਾ ਨੂੰ ਜਾਗਰਤ ਵਿੱਚ ਲਿਆਉਂਦੇ, ਪਰ ਬਾਬਾ ਜੀ ਦੀ ਸ਼ਹੀਦੀ ਪਿੱਛੋਂ ਹਾਲਾਤ ਹੋਰ ਵੀ ਖ਼ਰਾਬ ਹੋ ਗਏ ਹਨ। ਸਰਕਾਰ ਨੇ ਅਸਾਂ ਨੂੰ ਫੜਨਾ ਹੈ ਤੇ ਭਾਰੀਆਂ ਸਜ਼ਾਵਾਂ ਵੀ ਦੇਣੀਆਂ ਹਨ। ਬਾਬਾ ਜੀ ਸ਼ਹੀਦ ਹੋਏ ਹਨ, ਅਮਰ ਸ਼ਹੀਦ। ਉਨ੍ਹਾਂ ਦੀ ਰੂਹ ਪੁਕਾਰ ਰਹੀ ਹੈ ਕਿ ਅੰਨੇ ਸਾਮਰਾਜੀਆਂ ਨੂੰ ਸਿਖਿਆ ਦਿਤੀ ਜਾਏ। ਦੂਸਰਾ ਰਾਮ ਪ੍ਰਸਾਦ ਤੇ ਪ੍ਰੇਮ ਨਾਥ ਨੂੰ ਜਿਵੇਂ ਵੀ ਹੋਵੇ ਛੁਡਾਉਣਾ ਚਾਹੀਦਾ ਹੈ। ਜੇ ਨਾ ਛਡਾਇਆ ਗਿਆ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿਤੀ ਜਾਏ। ਬਾਬੇ ਦੇ ਖ਼ੂਨ ਦਾ ਬਦਲਾ ਵੀ ਲੈਣਾ ਹੈ। ਅੰਗਰੇਜ਼ੀ ਸਾਮਰਾਜ

ਨੂੰ ਹਿੰਦ ਵਿਚੋਂ ਕਢਣਾ ਹੈ, ਢਿਲੇ ਨਾ ਹੋਵੋ।”

ਵੀਨਾ ਦੇ ਸੰਖੇਪ ਜਹੇ ਸ਼ਬਦਾਂ ਨੇ ਸਾਰੇ ਸਾਥੀਆਂ ਦੇ ਲਹੂ ਨੂੰ ਖੋਲ ਦਿੱਤਾ। ਉਨ੍ਹਾਂ ਦਾ ਲੂੰ ਲਰਜ਼ ਉਠਿਆ। ਤੀਰਥ ਰਾਮ ਨੇ ਜੋਸ਼ ਵਿਚ ਉਛਲ ਕੇ ਆਖਿਆ, 'ਤਨ ਤੇ ਮਨ ਵਤਨ ਦਾ ਹੈ, ਜੋ ਹੁਕਮ ਹੋਵੇ ਸੋ ਕਰਨ ਨੂੰ ਤਿਆਰ ਹਾਂ। ਮੇਰਾ ਤਾਂ ਵਿਚਾਰ ਹੈ ਕਿ ਰਾਮ ਪ੍ਰਸਾਦ ਤੇ ਪ੍ਰੇਮ ਨਾਥ ਨੂੰ ਛਡਾਉਣ ਤੋਂ ਬਿਨਾਂ ਗਵਰਨਰ ਦਾ ਵੀ ਮਾਮਲਾ ਠੀਕ ਕੀਤਾ ਜਾਏ ਉਹ ਬਹੁਤ ਵਧੀਕੀਆਂ ਕਰ ਰਿਹਾ ਹੈ। ਸ:ਭਗਤ ਸਿੰਘ† ਸੁਖਦੇਵ ਤੇ ਰਾਜ ਗੁਰੂ ਨੂੰ ਵੀ ਫਾਂਸੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੀ ਫਾਂਸੀ ਨੂੰ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ। ਮੌਤ, ਖ਼ੂਨ, ਤੋਪ, ਬੰਦੂਕ, ਜੇਹਲ ਕੁਝ ਵੀ ਅਸਾਂ ਨੂੰ ਡਰਾ ਨਹੀਂ ਸਕਦਾ।”

ਗਨ ਨੇ ਉਠ ਕੇ ਕਿਹਾ, 'ਪੰਜਾਬ ਯੂਨੀਵਰਸਟੀ ਦੀ ਕਾਨਵੋਕੇਸ਼ਨ ਦੇ ਸਮੇਂ ਯੂਨੀਵਰਟੀ ਹਾਲ ਵਿਚ ਗਵਰਨਰ ਨੇ ਤਕਰੀਰ ਕਰਨੀ ਹੈ। ਜਦੋਂ ਤਕਰੀਰ ਕਰੇ ਉਸ ਵੇਲੇ ਉਸ ਨੂੰ ਗੋਲੀ ਮਾਰ ਦਿਤੀ ਜਾਏ। ਇਹ ਠੀਕ ਹੈ ਕਿ ਗੋਲੀ ਮਾਰ ਕੇ ਨਸਣਾ ਔਖਾ ਹੋਵੇਗਾ, ਤੇ ਖ਼ਤਰੇ ਨਾਲ ਖੇਡਣਾ ਹੈ। ਇਸ ਸੇਵਾ ਨੂੰ ਮੈਂ ਕਰਨ ਨੂੰ ਤਿਆਰ ਹਾਂ। ਹਾਲ ਵਿੱਚ ਦਾਖਲ ਹੋਣ ਦਾ ਪ੍ਰਬੰਧ ਮੈਂ ਕਰ ਲਵਾਂਗਾ। 'ਆਗਿਆ ਪੱਤ੍ਰ' ਪ੍ਰਾਪਤ

---

†ਸ: ਭਗਤ ਜੀ ਸ਼ਹੀਦ ਦੇ ਜੀਵਨ ਦੇ ਪੂਰੇ ਹਾਲ ਪੜ੍ਹਨ ਵਾਸਤ ਗਿਆਨੀ ਤ੍ਰਿਲੋਕ ਸਿੰਘ ਜੀ ਦਾ ਲਿਖਿਆ ਹੋਇਆ 'ਭਗਤ ਸਿੰਘ ਸ਼ਹੀਦ' ਨਾਵਲ ਪੜ੍ਹੋ।

ਕਰਨਾ ਔਖਾ ਨਹੀਂ। ਏਹੋ ਵੇਲਾ ਹੈ ਜਦੋਂ ਅਸੀਂ ਆਪਣੀਅ ਜ਼ਿੰਦਗੀਆਂ ਦਾ ਬਹੁਤਾ ਮੁਲ ਪਵਾ ਸਕਦੇ ਹਾਂ।"

ਵੀਨਾ–'ਠੀਕ ਹੈ! ਇਸੇ ਤਰ੍ਹਾਂ ਹੀ ਕਰੋ, ਪਰ ਦਸੋ ਰਾਮ ਪ੍ਰਸਾਦ ਤੇ ਪ੍ਰੇਮ ਨਾਥ ਨੂੰ ਕਿਲੇ ਵਿਚੋਂ ਕਿਵੇਂ ਛੁਡਾਇਆ ਜਾਏ?'

"ਕਠਣ ਹੈ। ਪਹਿਰਾ ਬਹੁਤ ਸਖਤ ਹੈ। ਕਿਲੇ ਦੇ ਬਾਹਰਲਾ ਪਹਿਰਾ, ਅੰਦਰਲਾ ਪਹਿਰਾ, ਕੋਠੜੀਆਂ ਦਾ ਪਹਿਰਾ, ਉਥੋਂ ਤਕ ਕਿਸ ਦੀ ਪਹੁੰਚ ਹੋ ਸਕਦੀ ਹੈ?" ਮਨ ਨੇ ਸਵਾਲ ਕੀਤਾ।

ਸਾਰੇ ਵਰਕਰ ਚੁੱਪ ਹੋ ਗਏ। ਇਕ ਦੂਜੇ ਦੇ ਮੂੰਹ ਵਲ ਦੇਖਕੇ ਸੋਚਣ ਲਗੇ। ਕਿਸੇ ਨੂੰ ਕੋਈ ਢੰਗ ਨਾ ਔੜੇ ਜੋ ਦਸੇ। ਕੋਈ ਦੋ ਕੁ ਮਿੰਟ ਦੀ ਚੁੱਪ ਵਿਚੋਂ ਹਰ ਇੱਕ ਨੇ ਇੱਕ ਦੋ ਵਿਚਾਰ ਪ੍ਰਗਟ ਕੀਤੇ ਤੇ ਕੁਝ ਨੇ ਤਾਂ ਇਹ ਕਿਹਾ ਕਿ ਉਨ੍ਹਾਂ ਨੂੰ ਛਡਾਉਣਾ ਅਸੰਭਵ ਹੈ।

'ਇਸ ਸੇਵਾ ਨੂੰ ਮੈਂ ਕਰਨ ਨੂੰ ਤਿਆਰ ਹਾਂ।" ਜਗਜੀਤ ਮੁਟਿਆਰ ਉਠ ਕੇ ਆਖਿਆ। ਉਸ ਦੀ ਉਮਰ ਵੀਹ ਕੁ ਸਾਲ ਸੀ। ਉਹ ਖੁਲ੍ਹੇ ਹੱਡਾਂ ਪੈਰਾਂ ਦੀ ਸੁੰਦਰ ਮੁਟਿਆਰ ਸੀ। ਉਹਦੇ ਬੁਲ੍ਹਾਂ ਦੀ ਮੁਸਕਰਾਹਟ ਦਿਲ ਖਿਚਵੀਂ ਤੇ ਉਦਾਸੀ ਦੂਰ ਕਰਨ ਵਾਲੀ ਸੀ। ਉਹ ਇਕ ਸਰਦਾਰ ਦੀ ਲੜਕੀ ਤੇ ਲਾਹੌਰ ਦੇ ਕਾਲਜ ਦੀ ਵਿਦਿਆਰਥਨ ਸੀ। ਇੰਨਕਲਾਬੀ ਪਾਰਟੀਆਂ ਨਾਲ ਫਿਰਦੀ ਨੂੰ ਅੱਠ ਕੁ ਮਹੀਨੇ ਹੋਏ ਸਨ। ਵਤਨ ਦੀ ਸੇਵਾ ਕਰਨ ਦਾ ਹਿੱਕ ਵਿਚ ਅਥਾਹ

ਜੋਸ਼ ਸੀ।

"ਪਰ ਵੀਨਾ ਭੈਣ ਜੀ! ਮੇਰੀ ਸਹਾਇਤਾ ਕਰਨਾ।" ਜਗਜੀਤ ਨੇ ਦੂਸਰਾ ਵਾਕ ਬੋਲਿਆ। ਚੰਚਲ ਮਨ, ਕਾਮੀ ਤੇ ਲਾਲਚੀ ਅਫਸਰਾਂ ਨੂੰ ਵਸ ਕਰਨਾ ਸੌਖਾ ਨਹੀਂ। ਵਤਨ ਦੀ ਖਾਤਰ, ਭਾਰਤ ਮਾਤਾ ਦੀ ਸੁਤੰਤ੍ਰਤਾ ਵਾਸਤੇ ਮੈਂ ਕੁਰਬਾਨ ਕਰਨ ਦੀ ਪ੍ਰਤੱਗਿਆ ਕਰ ਚੁੱਕੀ ਹਾਂ। ਮੈਂ ਜਿਸ ਢੰਗ ਨਾਲ ਰਾਮ ਪ੍ਰਸਾਦਿ ਤੇ ਪ੍ਰੇਮ ਨਾਥ ਨੂੰ ਛੁਡਾਉਣਾ ਹੈ, ਉਹ ਨਿਰਾਲਾ ਢੰਗ ਹੈ। ਇਸ ਢੰਗ ਨੂੰ ਵਰਤਨ ਲਗਿਆਂ ਮੇਰਾ ਇਸਤ੍ਰੀ ਧਰਮ ਵੀ ਖਤਰੇ ਵਿੱਚ ਪਵੇਗਾ।'

ਇਹ ਸੁਣ ਕੇ ਸਾਰੇ ਜਗਜੀਤ ਕੌਰ ਦੇ ਮੂੰਹ ਵਲ ਵੇਖਨ ਲਗ ਪਏ। ਸਭ ਨੂੰ ਸਮਝ ਪੈ ਗਈ ਕਿ ਜਗਜੀਤ ਜਵਾਨੀ ਤੇ ਹੁਸਨ ਦਾ ਲਾਰਾ ਲਾ ਕੇ ਇਨਚਾਰਜ ਅਫਸਰਾਂ ਨੂੰ ਬੁਧੂ ਬਣਾਇਗੀ। ਇਸਤ੍ਰੀ ਦੀ ਜਵਾਨੀ ਤੇ ਰੂਪ ਵੀ ਤਾਂ ਚੰਗੇ ਹੱਥਿਆਰ ਹਨ।

ਜਗਜੀਤ ਕੌਰ ਦੀ ਵਿਓਂਤ ਨੂੰ ਪ੍ਰਵਾਨ ਕੀਤਾ ਗਿਆ ਵੀਨਾ, ਕੁਸ਼ਲਿਆ, ਪਾਰਬਤੀ ਤਿਨ ਮੁਟਿਆਰਾਂ ਅਤੇ ਦੋ ਗਭਰੂ ਸ਼ਾਮ ਲਾਲ ਤੇ ਤੇਜਾ ਸਿੰਘ ਉਸ ਦੇ ਨਾਲ ਸਾਥੀ ਦਿੱਤੇ ਗਏ। ਗਵਰਨਰ ਨੂੰ ਮਾਰਨ ਤੇ ਰਾਮ ਪ੍ਰਸਾਦ ਤੇ ਪ੍ਰੇਮ ਨਾਥ ਨੂੰ ਛਡਾਉਣ ਦੇ ਮਾਮਲੇ ਸਰਬ-ਸਮਤੀ ਨਾਲ ਪਾਸ ਕੀਤੇ ਗਏ। ਢਾਈ-ਤਿੰਨ ਘੰਟੇ ਦੀ ਬੈਠਕ ਪਿੱਛੋਂ ਸਾਰੇ ਥਲ ਵਿਚ ਖਿਲਰ ਗਏ ਤੇ ਇੱਕ ਇੱਕ ਦੋ ਦੋ ਹੋ ਕੇ ਥਲ ਵਿਚੋਂ ਨਿਕਲੇ ਤੇ ਆਪੋ ਆਪਣੇ ਰਾਹ ਪਏ।

ਮਨ ਤੇ ਵੀਨਾ ਇੱਕਠੇ ਹੀ ਸਭ ਦੇ ਪਿੱਛੋਂ ਟਾਹਲੀ ਹੇਠੋਂ ਉਠੇ। ਦੋਹਾਂ ਨੇ ਇਕ ਦੂਸਰੇ ਵਲ ਵੇਖਿਆ ਤੇ ਬਿਨਾ ਮਰਜੀ ਦੇ ਮੁਸਕਰਾ ਪਏ। ਬਿਨਾਂ ਬੋਲੇ ਬੁਲ੍ਹਾਂ ਤੇ ਅੱਖਾਂ ਨਾਲ ਹਿਰਦਿਆਂ ਦੀ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਦਰਿਆ ਦੇ ਰੁਖ਼ ਵਲ ਹੋਏ। ਗਰਮੀਆਂ ਦੇ ਦਿਨ ਹੋਣ ਕਰਕੇ ਦਰਿਆ ਰਾਵੀ ਠਾਠਾਂ ਮਾਰ ਰਿਹਾ ਸੀ। ਲਾਲ ਮਿਟੀ ਦੇ ਪਹਾੜਾਂ ਨੂੰ ਚੁੰਮ ਕੇ ਆਇਆ ਪਾਣੀ ਲਾਲ ਤੇ ਮਿਟੀ ਵਾਂਗ ਭਾਰਾ ਉਛਲਦਾ ਤੇ ਘੁੰਮਰ ਪਾਉਂਦਾ ਹੋਇਆ ਵਾਹੋ ਦਾਹੀ ਆਪਣੀ ਜੀਵਨ ਮੰਜ਼ਲ ਵਲ ਜਾ ਰਿਹਾ ਸੀ। ਦੋਵੇਂ ਦਰਿਆ ਕਿਨਾਰੇ ਖਲੋ ਗਏ।

ਦੂਰ ਤੱਕ ਨਿਗਾਹ ਮਾਰ ਕੇ ਤਕਿਆ। ਅਗਲੇ ਪਾਰ ਉਚੇ ਉਚੇ ਰੁਖ ਦਿਖਾਈ ਦੇ ਰਹੇ ਸਨ ਤੇ ਦਖਨ, ਪਛਮ ਵਲ ਦਰਿਆ ਦਾ ਸ਼ਾਕਰੇ ਦਾ ਪੁਲ। ਪੁਲ ਦੇ ਉਤੋਂ ਦੀ ਲੰਘ ਰਹੀ ਸੀ। ਰੇਲ ਗੱਡੀ ਤੇ ਮੋਟਰਾਂ।

"ਜ਼ਿੰਦਗੀ ਵਿੱਚ ਮੇਲ ਵਿਛੋੜਾ ਜ਼ਰੂਰੀ ਹਨ।" ਮਨ ਨੇ ਕਿਹਾ।

"ਜ਼ਿੰਦਗੀ ਹੈ ਹੀ ਮਿਲਣਾ ਤੇ ਵਿਛੜਨਾ—ਰੂਹਾਂ ਧੁਰ ਤੋਂ ਇਸੇ ਤਰ੍ਹਾਂ ਦਾ ਜੀਵਨ ਜੀਉਂਦੀਆਂ ਆਈਆਂ ਹਨ।" ਵੀਨਾ ਨੇ ਉਤਰ ਦਿੱਤਾ।

'ਅਸੀਂ ਵੀ ਵਿਛੜ ਜਾਵਾਂਗੇ।'

'ਵਿਛੜਾਂਗੇ ਤੇ ਮਿਲਾਂਗੇ। ਉਸੇ ਤਰ੍ਹਾਂ ਜਿਵੇਂ ਇਹ ਪਾਣੀ ਸਮੁੰਦਰ ਕੋਲੋਂ ਵਿਛੜਿਆ ਸੀ ਤੇ ਫਿਰ ਸਮੁੰਦਰ ਵਲ

ਜਾ ਰਿਹਾ ਹੈ। ਨਵੇਂ ਜਨਮ ਵਿਚ ਮੁੜ ਬੁਖ਼ਾਰਾਤ ਬਣ ਕੇ ਉਡੇਗਾ ਤੇ ਬਦਲ ਰੂਪ ਹੋਵੇਗਾ। ਵਿਛੜੇ ਪਹਾੜਾਂ ਤੇ ਨਾਲਿਆਂ ਨਦੀਆਂ ਨੂੰ ਮਿਲੇਗਾ।"

ਇਹ ਆਖਦਿਆਂ ਹੋਇਆਂ ਵੀਨਾ ਦੀਆਂ ਅੱਖਾਂ ਵਿੱਚ ਇੱਕ ਅਸਚਰਜ ਹੀ ਜੋਤ ਚਮਕੀ। ਉਹਦੇ ਗੋਰੇ ਚੇਹਰੇ ਤੇ ਐਸੀ ਲਹਿਰ ਦੌੜੀ ਕਿ ਸਾਰਾ ਚੇਹਰਾ ਸੋ ਵਾਂਗ ਭਖ ਉਠਿਆ।

"ਕੁਸ਼ਲਿਆ ਦੀ ਥਾਂ ਅਜ ਤੁਸਾਂ ਨੂੰ 'ਬਾਗ਼ੀ ਸੁੰਦਰੀ' ਦਾ ਖ਼ਤਾਬ ਦਿੱਤਾ ਗਿਆ ਹੈ।" ਮਨ ਨੇ ਗਲ ਦਾ ਰੁਖ ਬਦਲਿਆ। ਉਹ ਮਨੋ ਵਲਵਲਿਆਂ ਨਾਲ ਘਬਰਾਇਆ ਹੋਇਆ ਸੀ। ਜੋ ਗਲਾਂ ਉਹ ਕਰਨਾ ਚਾਹੁੰਦਾ ਸੀ, ਉਹ ਕਰ ਨਹੀਂ ਸੀ ਸਕਦਾ।

"ਜ਼ੁੰਮੇਵਾਰੀਆਂ ਦੀ ਭਾਰੀ ਪੰਡ ਸਿਰ ਤੇ ਰੱਖੀ ਗਈ ਹੈ।"

'ਕੁਸ਼ਲਿਆ...!'

'ਉਸ ਨੂੰ ਕੀ ?'

'ਉਹ ਬਾਗ਼ੀ ਸੁੰਦਰੀ ਸੀ। ਉਸ ਨੇ ਬਹੁਤ ਕੰਮ ਕੀਤਾ।"

'ਹੁਣ ਵੀ ਉਹ ਵਧ-ਚੜ੍ਹਕੇ ਕੰਮ ਕਰ ਰਹੀ ਹੈ।'

'ਕਰ ਤਾਂ ਰਹੀ ਹੈ, ਪਰ...।'

'ਪਰ ਕੀ...?'

'ਉਹ ਬਹੁਤਾ ਚਿਰ ਕੰਮ ਨਹੀਂ ਕਰੇਗੀ।'

'ਕਿਉਂ ?

'ਉਹ ਜੀਵਨ ਮੂਰਤੀ ਨਾਲ ਵਿਆਹ ਕਰਾਉਣ ਦਾ ਫੈਸਲਾ ਕਰ ਚੁੱਕੀ ਹੈ।'

'ਫਿਹ ਕੀ ਹੋਇਆ ! ਵਿਆਹ ਕਰਾਉਣਾ ਬੁਰੀ ਗਲ ਤਾਂ ਨਹੀਂ। ਦੋਵੇਂ ਕੰਮ ਕਰਨਗੇ। ਕਿੰਨੀਆਂ ਜੋੜੀਆਂ ਹਨ ਜੋ ਰਲਕੇ ਵਤਨ ਦੀ ਸੇਵਾ ਕਰ ਰਹੀਆਂ ਹਨ। ਜੇ ਬ੍ਰਹਮਚਰਜ ਨਿਭਾਉਣਾ ਔਖਾ ਜਾਪੇ ਤਾਂ ਵਿਆਹ ਕਰ ਲੈਣਾ ਠੀਕ ਹੈ। ਜਿੰਨੀ ਨਿਭੀ ਨਿਭਾ ਲਈ।'

ਇਹ ਸੁਣ ਕੇ ਮਨ ਦਾ ਮਨ ਖੁਸ਼ੀ ਨਾਲ ਉਛਲ ਪਿਆ ਉਸਨੇ ਵੀਨਾ ਦੇ ਚਿਹਰੇ ਵਲ ਤਕਿਆ ਤੇ ਆਖਿਆ, 'ਕੀ ਇਹ ਰਿਚਾਰ ਤੁਸਾਂ ਦੇ ਹਨ ?'

'ਜਦ ਮੈਂ ਬੋਲ ਰਹੀ ਹਾਂ ਤਾਂ ਮੇਰੇ ਹਨ।''

'ਮੇਰੇ ਧੰਨ ਭਾਗ।'

'ਕਿਉਂ ?'

'ਹੁਣ ਆਸ ਹੋ ਗਈ ਕਿ ਸ਼ਾਇਦ ਇੱਕ ਦਿਨ ਐਸਾ ਆ ਜਾਏ ਜਿਸ ਦਿਨ ਮੈਨੂੰ ਵੀ ਏਸੇ ਤਰਾਂ ਦੀ ਖੁਲ੍ਹ ਮਿਲੇਗੀ।'

'ਕਿਸਤਰ੍ਹਾਂ ਦੀ ਖੁਲ੍ਹ ?'

'ਇਹੋ ਵਿਆਹ ਕਰਨ ਦੀ।

ਵੀਨਾ ਹੱਸ ਪਈ। ਹੱਸਦੀ ਹੋਈ ਮਨ ਦਾ ਹੱਥ ਫੜਕੇ ਬੋਲੀ, "ਮਰਦ ਦਾ ਮਨ ਬੜੀ ਛੇਤੀ ਡੋਲ ਜਾਂਦਾ ਹੈ। ਇਉਂ ਭਾਸਦਾ ਹੈ ਕਿ ਰਬ ਨੇ ਮਰਦ ਦਾ ਦਿਲ ਬਨਾਉਣ ਲਗਿਆਂ ਸ਼ਕ ਦੀ ਪਾਣ ਚਾੜ੍ਹ ਦਿੱਤੀ

ਸੀ। ਤਦੇ ਤਾਂ ਸ਼ਾਇਦ ਮਰਦਾਂ ਨੂੰ ਸ਼ਕ ਹੀ ਰਹਿੰਦਾ ਹੈ ਕਿ ਉਨ੍ਹਾਂ ਦਾ ਕੰਮ ਸ਼ਾਇਦ ਬਣੇ ਜਾਂ ਨਾ ਬਣੇ।'

'ਇਸਤ੍ਰੀਆਂ ਬਹੁਤੀਆਂ ਸ਼ਕੀ ਸੁਭਾ ਹੁੰਦੀਆ ਹਨ।'

'ਮਰਦਾਂ ਜਿੰਨੀਆਂ ਨਹੀਂ।'

'ਖੈਰ ਇਨ੍ਹਾਂ ਗਲਾਂ ਨੂੰ ਛੱਡੋ। ਦਸੋ ਕਦੀ ਅਸਾਂ ਦਾ ਵਿਆਹ ਹੋ ਸਕਦਾ ਹੈ ?'

'ਜ਼ਰੂਰ ਹੋ ਸਕਦਾ ਹੈ।'

'ਕਦੋਂ ?'

'ਅਜ ਦੇ ਮਿਥੇ ਪ੍ਰੋਗਰਾਮ ਦੇ ਸਿਰੇ ਚੜ੍ਹਾਉਣ ਪਿੱਛੋਂ ਜੇ ਜੀਊਂਦੇ ਰਹੇ ਤਾਂ ਨਹੀਂ ਤੇ ਦੂਸਰੇ ਜਨਮ ਵਿੱਚ।'

'ਹੂੰ !'

ਮਨ ਦਾ ਚਿਹਰਾ ਗੰਭੀਰ ਹੋ ਗਿਆ।

'ਮਨ ! ਆਪਣੇ ਮਨ ਨੂੰ ਤਕੜਿਆਂ ਰੱਖ। ਅਸਾਡੀਆਂ ਖੁਸ਼ੀਆਂ, ਅਸਾਡੀਆਂ ਸ਼ਾਦੀਆਂ ਭਾਰਤ ਮਾਤਾ ਦੇ ਸੁਤੰਤ੍ਰ ਹੋਣ ਨਾਲ ਹੀ ਹੋ ਜਾਣਗੀਆਂ। ਗੁਲਾਮੀ ਦਾ ਜੀਵਨ ਜੀਉਣ ਨਾਲੋਂ ਮਰਨਾ ਚੰਗਾ ਹੁੰਦਾ ਹੈ। ਗੁਲਾਮੀ ਦੀ ਸ਼ਾਦੀ ਦੇ ਕੁਝ ਅਰਥ ਨਹੀਂ। ਮੇਰੇ ਭਰਾ ਤੇ ਪ੍ਰੇਮ ਨਾਥ ਨੂੰ ਛਡਾਉਣ ਦਾ ਕਰੋ। ਜਗਜੀਤ ਕੌਰ ਨੇ ਜੋ ਕਦਮ ਚੁਕਣਾ ਹੈ, ਉਹ ਬਹੁਤ ਖ਼ਤਰਨਾਕ ਹੈ। ਪੈਰ ਪੈਰ ਤੇ ਕੰਡੇ ਹਨ। ਖੈਰ ! ਪ੍ਰਮਾਤਮਾ ਉਸ ਨੂੰ ਸਫਲਤਾ ਬਖਸ਼ੇ। ਚਲੋ ਚਲੀਏ ਮੈਂ ਅਜ ਭਰਜਾਈ ਨੂੰ ਮਿਲਣ ਵਾਸਤੇ ਅੰਮ੍ਰਿਤਸਰ ਜਾਣਾ ਹੈ।''

ਦੋਵੇਂ ਤੁਰ ਪਏ। ਥੋੜਾ ਚਿਰ ਇੱਕਠੇ ਤੁਰੇ ਆਉਣ ਪਿਛੋਂ ਨਿਖੜ ਗਏ।

# ੧੭.

ਪੰਜਾਬ ਯੂਨਵਰਸਟੀ ਦਾ ਸਾਲਾਨਾ ਜਲਸਾ ਯੂਨਵਰਸਟੀ ਹਾਲ ਵਿਚ ਹੋਣਾ ਸੀ। ਬੀ. ਏ., ਐਮ. ਏ., ਐਲ. ਐਲ. ਬੀ. ਆਦਿਕ ਡਿਗਰੀ ਦੇ ਇਮਤਿਹਾਨ ਪਾਸ ਕਰਨ ਵਾਲਿਆਂ ਨੂੰ ਡਿਗਰੀਆਂ ਦਿਤੀਆਂ ਜਾਣੀਆਂ ਸੀ ਤੇ ਉਨ੍ਹਾਂ ਵਿਦਿਆਰਥੀਆਂ ਨੇ ਹਾਲ ਵਿੱਚ ਆਉਣਾ ਸੀ। ਉਨ੍ਹਾਂ ਤੋਂ ਬਿਨਾ ਪ੍ਰੋਫੈਸਰ, ਵਿਦਵਾਨ, ਸ਼ਹਿਰ ਦੇ ਮੁਖੀਏ ਤੇ ਕਈਆਂ ਵਿਦਿਆਰਥੀਆਂ ਦੇ ਮਾਪੇ ਵੀ ਸਦੇ ਗਏ ਸਨ। ਜਲਸੇ ਦਾ ਪ੍ਰਧਾਨ ਪੰਜਾਬ ਦਾ ਗਵਰਨਰ ਹੋਣਾ ਸੀ। ਕਿਉਂਕਿ ਉਹ ਯੂਨਵਰਸਟੀ ਦਾ ਚੈਂਸਲਰ ਸੀ ਉਸ ਨੇ ਹੀ ਡਿਗਰੀਆਂ ਵੰਡੀਆਂ ਸਨ।

ਥਾਂ ਥਾਂ ਰਾਜਸੀ ਜਾਗਰਤ ਹੋਣ ਕਰਕੇ ਪੋਲੀਸ ਨੂੰ ਬਹੁਤ ਚਿੰਤਾ ਸੀ। ਵਿਦਿਆਰਥੀਆਂ, ਪ੍ਰੋਫੈਸਰਾਂ ਤੇ ਆਮ ਲੋਕਾਂ ਤੇ ਭਰੋਸਾ ਕਰਨਾ ਔਖਾ ਸੀ। ਗਵਰਨਰ ਤੇ ਹੋਰ ਸਰਕਾਰੀ ਅਫ਼ਸਰਾਂ ਦੀ ਜਾਨ ਦੀ ਰਾਖੀ ਕਰਨੀ ਕਠਣ ਸੀ। ਬੰਬ ਤੇ ਗੋਲੀ ਚਲਾਉਣਾ ਤਾਂ ਇੱਕ ਖੇਡ ਬਣ ਚੁੱਕੀ ਸੀ।

ਅੰਗਰੇਜ਼ ਪੁਲਸ ਕਪਤਾਨ ਦੀ ਕੋਠੀ ਮੀਟਿੰਗਾਂ ਤੇ ਮੀਟਿੰਗਾਂ ਹੁੰਦੀਆਂ ਸਨ। ਅਖੀਰਲੀ ਮੀਟਿੰਗ ਜਲਸੇ ਤੋਂ ਪਹਿਲੀ ਰਾਤ ਹੋਈ। ਕਮਰਾ ਬੰਦ ਮੀਟਿੰਗ ਸੀ। ਉਸ ਮੀਟਿੰਗ ਵਿਚ ਤੀਹ ਕੁ ਅਫਸਰ ਸਦੇ ਹੋਏ ਸਨ। ਥਾਨੇਦਾਰ ਜਨਕਰਾਜ ਵੀ ਸਦਿਆ ਹੋਇਆ ਸੀ। ਜਨਕਰਾਜ ਬਾਰੇ ਮਿਸਾਲ ਮਸ਼ਹੂਰ ਸੀ ਕਿ ਉਹ ਇਲਾਂ ਦੇ ਆਹਲਣਿਆਂ ਵਿਚੋਂ ਵੀ ਮਾਸ ਲਭ ਲੈਂਦਾ ਸੀ। ਸੱਪਾਂ ਦੇ ਸਿਰਾਂ ਵਿਚੋਂ ਮਣਕੇ ਕਢਦਾ ਤੇ ਅਨਹੋਣੀਆਂ ਕਰਦਾ ਸੀ। ਇਨਕਲਾਬੀ ਉਸ ਦੇ ਪ੍ਰਛਾਵੇਂ ਪਾਸੋਂ ਡਰਦੇ ਸਨ।

ਮਿਸਟਰ ਨਾਰੀਮੈਨ ਸੀਨੀਅਰ ਸੁਪ੍ਰੀਟੈਂਡੈਂਟ ਨੇ ਪਹਿਲਾਂ ਅੰਗਰੇਜ਼ੀ ਵਿਚ ਤਕਰੀਰ ਕੀਤੀ। ਜਿਸ ਦਾ ਸੰਖੇਪ ਭਾਵ ਸੀ, 'ਜੁਗ ਗਰਦ ਲਾਹੌਰ ਵਿੱਚ ਬਹੁਤ ਇੱਕਠੇ ਹੋ ਗਏ ਹਨ। ਉਹ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਛਡਾਉਣਾ ਚਾਹੁੰਦੇ ਹਨ। ਥਾਂ ਥਾਂ ਤੋਂ ਰੀਪੋਰਟਾਂ ਆ ਰਹੀਆਂ ਹਨ ਕਿ ਖੁਫ਼ੀਆ ਮੀਟਿੰਗਾਂ ਹੁੰਦੀਆਂ ਨੇ, ਪਰ ਗ੍ਰਿਫਤਾਰੀ ਕਿਸੇ ਦੀ ਨਹੀਂ ਹੁੰਦੀ। ਜਾਂ ਤਾਂ ਸਾਰੇ ਹਿੰਦੁਸਤਾਨੀ ਅਫਸਰ ਤੇ ਛੋਟੇ ਸਿਪਾਹੀ ਜੁਗ ਗਰਦਾਂ ਦੀ ਹਮਾਇਤ ਕਰਦੇ ਹਨ। ਜਾਂ ਡਰਦੇ ਮਾਰੇ ਗ੍ਰਿਫ਼ਤਾਰ ਨਹੀਂ ਕਰਦੇ। ਗਵਰਨਰ ਨੇ ਐਲਾਨ ਕੀਤਾ ਹੈ ਕਿ ਉਹ ਬਹੁਤ ਈਨਾਮ ਦੇਣ ਨੂੰ ਤਿਆਰ ਹੈ। ਜੁਗ ਗਰਦਾਂ ਨੂੰ ਫੜੋ, ਕੁਚਲੋ, ਮਾਰੋ, ਈਨਾਮ ਲਵੋ। ਰਾਮ ਪ੍ਰਸਾਦ ਦੀ ਭੈਣ ਵੀਨਾ ਨੂੰ ਜੋ ਫੜੇਗਾ ਉਸ ਨੂੰ ਪੰਜ ਹਜ਼ਾਰ ਦਾ ਈਨਾਮ ਦਿੱਤਾ ਜਾਏਗਾ। ਉਹ 'ਬਾਗੀ ਸੁੰਦਰੀ' ਦੇ ਨਾਮ ਲੋਕਾਂ ਨੂੰ

ਧਮਕੀਆਂ ਦੇਂਦੀ ਤੇ ਨੁਕਸਾਨ ਕਰ ਰਹੀ ਏ। ਇਹ ਵੀ ਪਤਾ ਲਗਾ ਹੈ ਕਿ ਯੂਨਵਰਸਟੀ ਹਾਲ ਵਿੱਚ ਵੀ ਕੋਈ ਨਾ ਕੋਈ ਗੜਬੜ ਜ਼ਰੂਰ ਹੋਵੇਗੀ। ਇੱਕ ਇੱਕ ਆਦਮੀ ਦੇ ਨਾਲ ਇੱਕ ਇੱਕ ਸੀ. ਆਈ. ਡੀ. ਦਾ ਆਦਮੀ ਹੋਣਾ ਚਾਹੀਦਾ ਹੈ। ਗਵਰਨਰ ਦੀ ਰਾਖੀ ਮੈਂ ਖੁਦ ਕਰਾਂਗਾ।"

ਇਸ ਦੇ ਪਿਛੋਂ ਬਾਕੀ ਦੇ ਅਫਸਰਾਂ ਨੇ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਜੁਗ ਗਰਦਾਂ ਨਾਲ ਮੁਕਾਬਲਾ ਕਰਨ ਤੇ ਉਨ੍ਹਾਂ ਨੂੰ ਫੜਨ ਦੇ ਢੰਗ ਵੀ ਬਿਆਨ ਕੀਤੇ। ਜਨਕਰਾਜ ਤੇ ਸੋਭਾ ਸਿੰਘ ਨੇ ਇਹ ਖ਼ਬਰ ਦਸੀ, 'ਰਾਵੀ ਦੇ ਕਿਨਾਰੇ 'ਪਹਾੜੀ ਸ਼ੇਰ' ਦੀ ਟੋਲੀ ਦੀ ਮੀਟਿੰਗ ਹੋਈ ਹੈ। ਪੁਲਸ ਨੂੰ ਜਦ ਪਤਾ ਲਗਾ ਤਦੋਂ ਮੀਟਿੰਗ ਮੁਕ ਚੁਕੀ ਸੀ ਤੇ ਜੁਗ ਗਰਦ ਖਿਲਰ ਕੇ ਅਲੋਪ ਹੋ ਚੁਕੇ ਸਨ। ਉਨ੍ਹਾਂ ਕੀ ਮਤਾ ਪਕਾਇਆ ਹੈ ਤੇ ਕੀ ਤੇ ਕਦੋਂ ਕਰਨਗੇ? ਇਹ ਸੂਹ ਕਢਣੀ ਹੈ।'

ਰੋਸ਼ਨ ਦਾਨਾ ਸਮੇਤ ਕਮਰਾ ਬੰਦ ਸੀ। ਕੋਠੀ ਦੇ ਬਾਹਰ ਦੋ ਸੰਤਰੀ ਬੰਦੂਕਾਂ ਨਾਲ ਪਹਿਰਾ ਦੇ ਰਹੇ ਸਨ।

ਸੁਪ੍ਰੀਟੈਂਡੈਂਟ ਨੇ ਡੀ. ਐਸ. ਪੀ. ਪ੍ਰਤਾਪ ਸਿੰਘ ਨੂੰ ਪੁਛਿਆ—'ਰਾਮ ਪ੍ਰਸਾਦ ਨੇ ਕੁਝ ਦਸਿਆ?'

'ਉਸਨੇ ਕੁਝ ਨਹੀਂ ਦਸਿਆ ਉਹ ਤਾਂ ਪੱਥਰ ਰੂਪ ਹੋ ਗਿਆ ਹੈ।' ਪ੍ਰਤਾਪ ਸਿੰਘ ਨੇ ਉਤਰ ਦਿਤਾ, 'ਜੋ ਵੀ ਸਖਤੀ ਕਰੀਏ, ਉਹੋ ਝਲੀ ਜਾਂਦਾ ਹੈ ਤੇ ਗਲ ਕੋਈ ਨਹੀਂ ਦਸਦਾ। ਉਹ ਏਹੋ ਆਖਦਾ ਹੈ, 'ਮੈਨੂੰ ਕੁਝ ਪਤਾ ਨਹੀਂ। ਮੇਰਾ ਦਿਮਾਗ਼ ਠੀਕ ਨਹੀਂ। ਮੈਨੂੰ ਮਾਰ ਸੁਟੋ। ਮੇਰੀ ਕੋਈ ਭੈਣ ਨਹੀਂ। ਮੈਂ

ਨਹੀਂ ਜਾਣਦਾ ਵੀਨਾ ਕੌਣ ਹੈ।

'ਹੂੰ! ਉਹ ਨਖ਼ਰੇ ਕਰਦਾ ਹੈ। ਪਾਗ਼ਲ ਬਣ ਕੇ ਜਾਨ ਛੁਡਾਉਣੀ ਚਾਹੁੰਦਾ ਹੈ। ਉਸ ਨੂੰ ਮੰਨਾਉਣ ਤੇ ਉਹਦੇ ਪਾਸੋਂ ਜੁਗ ਗਰਦਾਂ ਦੇ ਥਾਂ-ਟਿਕਾਣੇ ਪੁਛਣ ਤੇ ਜਨਕਰਾਜ ਨੂੰ ਲਾਓ। ਉਹ ਜਿਵੇਂ ਚਾਹੇ ਤਿਵੇਂ ਮੰਨਾਏ। ਸੁਪ੍ਰੀਟੈਂਡੈਂਟ ਦਾ ਕਹਿਣਾ ਸੀ।

ਇਹ ਸੁਣ ਕੇ ਜਨਕਰਾਜ ਖੁਸ਼ੀ ਨਾਲ ਉਛਲ ਪਿਆ ਫੁਲੇ ਹੋਏ ਨੇ ਕਿਹਾ, 'ਕਦੀ ਹੋ ਸਕਦਾ ਹੈ, ਕੁਝ ਦਸੇ। ਉਹ ਇਉਂ ਬੋਲੇਗਾ ਜਿਵੇਂ ਤਵਿਆਂ ਵਾਲਾ ਵਾਜਾ ਬੋਲਦਾ ਹੈ। ਮੈਂ ਤਾਂ ਉਸਦੀ ਨਾੜ ਨਾੜ ਤੋਂ ਜਾਣੂ ਹਾਂ।'

ਜਨਕਰਾਜ ਨੇ ਅਜੇ ਪੂਰੀ ਗਲ ਨਹੀਂ ਸੀ ਕੀਤੀ ਕਿ ਬਾਹਰੋਂ ਗੋਲੀ ਦੇ ਚਲਣ ਦੀ ਆਵਾਜ ਆਈ। ਸਾਰੇ ਇੱਕ ਮਿੰਟ ਲਈ ਚੁਪ ਹੋ ਗਏ। ਫ਼ਿਰ, 'ਇਹ ਕੀ ?...ਦੇਖੋ...ਗੋਲੀ ਕਿਉਂ ਚਲੀ ?' ਦੇ ਬੋਲ ਹਰ ਇੱਕ ਦੇ ਮੂੰਹੋਂ ਨਿਕਲੇ ਤੇ ਕਮਰੇ ਦੇ ਬੂਹੇ ਖੋਲ੍ਹੇ ਗਏ। ਸੁਪ੍ਰੀਟੈਂਡੈਂਟ ਤਾਂ ਨਸ ਕੇ ਪਿੱਛਲੇ ਦਰਵਾਜ਼ੇ ਨੂੰ ਗਿਆ ਤੇ ਬਾਕੀ ਦੇ ਕੋਠੀ ਦੇ ਮੋਹਰਲੇ ਦਰਵਾਜ਼ਿਆਂ ਰਾਹੀਂ ਬਾਹਰ ਹੋ ਗਏ। ਅਜੇ ਉਹ ਬਰਾਂਡੇ ਤੋਂ ਹੇਠਾਂ ਵੀ ਨਹੀਂ ਸਨ ਉਤਰੇ ਕਿ ਆਵਾਜ਼ ਆਈ, 'ਠਹਿਰੋ ! ਨਹੀਂ ਤੇ ਸਾਰੇ ਮਾਰੇ ਜਾਓਗੇ। ਬੋਲਿਓ-ਅੰਦਰ ਵੜਕੇ ਕੀਤੀਆਂ ਗਲਾਂ ਵੀ ਸੁਣੀਆਂ ਗਈਆਂ ਹਨ। ਰਾਮ ਪ੍ਰਸਾਦ ਨੂੰ ਛਡ ਦੇਵੋ। ਉਸ ਤੇ ਸਖਤੀ ਨਾ ਕਰੋ, ਖੁਲ੍ਹੀ ਅਦਾਲਤ ਵਿੱਚ ਜੋ ਮਕਦਮਾ ਚਲਾਓ ਜਾਂ ਛੱਡ ਦੇਵੋ ਨਹੀਂ ਤੇ ਯਾਦ਼

ਰੱਖੋ ਇਕ ਦੀ ਥਾਂ ਸੈਂਕੜਿਆਂ ਦਾ ਖ਼ੂਨ ਕੀਤਾ ਜਾਏਗਾ। ਇਹ ਆਵਾਜ਼ 'ਬਾਗ਼ੀ ਸੁੰਦਰੀ' ਦੀ ਹੈ।'

ਸਾਰੇ ਟਣੰਬਰ ਜਏ। ਉਨ੍ਹਾਂ ਕੋਲ ਸਿਰਫ ਪਸਤੌਲ ਸਨ, ਪਰ ਬਾਹਰ ਬੰਬਾਂ ਦੇ ਫਟਨ ਦਾ ਖਤਰਾ ਸੀ। ਹੋ ਸਕਦਾ ਸੀ ਹਨੇਰੇ ਵਿੰਚ ਪੱਕੀ ਗੋਲੀ ਦਾ ਬੰਦੂਕ ਦਾ ਵੀ ਵਾਰ ਹੋ ਜਾਏ। ਅੰਗਰੇਜ਼ ਸੁਪ੍ਰੀਟੈਂਡੈਂਟ ਟੈਲੀਫੋਨ ਨੂੰ ਖੜਕਾਉਣ ਲੱਗਾ। ਟੈਲੀਫੋਨ ਦੀ ਟਲੀ ਖੜਕ ਦੀ ਹੀ ਨਹੀਂ ਸੀ, ਸ਼ਾਇਦ ਉਸ ਦੀਆਂ ਤਾਰਾਂ ਕਟੀਆਂ ਜਾ ਚੁੱਕੀਆਂ ਸਨ। ਉਹ ਘਾਬਰ ਗਿਆ। ਘਬਰਾਏ ਹੋਏ ਜਖ਼ਮੀ ਨੌਕਰ ਨੇ ਓਹਦੇ ਕੋਲ ਹੋ ਕੇ ਦਸਿਆ, 'ਸਾਹਿਬ ! ਸੰਤਰੀ ਮਾਰੇ ਗਏ। ਬਾਹਰ ਕਾਂਗ੍ਰਸੀਏ ਨੇ ਬੰਬ...ਬੰਬ ਮਾਰਨਗੇ......।'

ਅੰਗਰੇਜ਼ੀ ਸਾਮਰਾਜ ਦੀਆਂ ਤਨਖਾਹੀ ਤੇ ਗ਼ਰੀਬ ਜਨਤਾ ਦੀਆਂ ਵੱਟੀਆਂ ਤੇ ਵਢੀ ਦੀਆਂ ਡੀਂਗਾਂ ਮਾਰਨ ਵਾਲਿਆਂ ਤੇ ਨਾਰਦਮੁਨ ਜਨਕਰਾਜ ਦਾ ਵੀ ਲਹੂ ਠੰਢਾ ਹੋ ਗਿਆ।

ਸਾਰੇ ਹੌਲੀ ਹੌਲੀ ਪਿੱਛੇ ਨੂੰ ਸਰਕੇ ਖਿਲਰ ਕੇ ਬਾਹਰ ਹੋਣ ਦੀਆਂ ਵਿਉਂਟਾਂ ਸੋਚਣ ਲਗੇ। ਕੋਠੀ ਦੇ ਇਕ ਪਾਸੇ ਖਾਲੀ ਤੇ ਝਾੜੀਆਂ ਵਾਲੀ ਥਾਂ ਸੀ। ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਨੂੰ ਵੰਗਾਰਨ ਵਾਲੀ ਬਾਗ਼ੀ ਸੁੰਦਰੀ ਕੰਧ ਉਤੇ ਖਲੋਤੀ ਹੈ। ਇਕ ਦਰਖਤ ਦਾ ਆਸਰਾ ਹੈ। ਉਸ ਨੂੰ ਗੋਲੀ ਨਹੀਂ ਵਜੇਗੀ। ਪਰ ਉਹ ਜ਼ਰੂਰ ਸਾਰਿਆਂ ਨੂੰ ਮਾਰ ਦੇਵੇਗੀ। ਹੋ ਸਕਦਾ ਹੋਰ ਆਦਮੀ ਵੀ ਹੋਣ।

ਜਦੋਂ ਕਿਸੇ ਦੇ ਦਿਨ ਪਧਰੇ ਹੋਣ ਤਾਂ ਉਹ ਬਲਦੀ ਅਗ ਵਿਚੋਂ ਬਚ ਜਾਂਦੇ ਹਨ। ਅਗੇ ਬੰਬ ਸੁਟੇ ਨਹੀਂ ਸਨ ਕਿ ਬਾਹਰੋਂ ਲਾਰੀ ਦੇ ਕੋਠੀ ਵਲ ਆਉਣ ਦੀ ਵੌੜ ਆਈ। ਕਾਹਲੀ ਵਿਚ ਬਾਗ਼ੀ ਸੁੰਦਰੀ ਨੇ ਇਕ ਬੰਬ ਸੁਟਿਆ ਉਹ ਨਾ ਫਟਿਆ ਦੂਸਰਾ ਸੁਟਿਆ ਤਾਂ ਉਹ ਟਕਾਣੇ ਨਾ ਵਜਾ ਪਰ ਫਟ ਗਿਆ ਉਸ ਦੇ ਖੜਕੇ ਨਾਲ ਜ਼ਮੀਨ ਹਿਲ ਗਈ। ਕਿਸੇ ਨੂੰ ਕੋਈ ਚੋਟ ਨਾ ਲਗੀ। ਬੰਬ ਦੀ ਮਾਰ ਬਰਾਂਡੇ ਤੋਂ ਅਗੇ ਨਾ ਗਈ। ਬੰਬ ਹਲਕਾ ਸਾਬਤ ਹੋਇਆ।

ਬੰਬ ਨੂੰ ਸੁਟ ਕੇ ਬਾਗ਼ੀ ਸੁੰਦਰੀ ਤੇ ਉਸਦੇ ਸਾਥੀ ਹਨੇਰੇ ਵਿਚ ਅਲੋਪ ਹੋ ਗਏ। ਉਨ੍ਹਾਂ ਦੀ ਸਕੀਮ ਅਸਫਲ ਰਹੀ, ਪਰ ਜਦੋਂ ਦਿਨ ਚੜ੍ਹਿਆ ਤਾਂ ਸਾਰੇ ਸ਼ਹਿਰ ਵਿਚ ਭੈ ਛਾ ਗਿਆ ਅਖਬਾਰਾਂ ਨੇ ਮੋਟੇ ਸਿਰ ਲੇਖਾਂ ਹੇਠ ਖ਼ਬਰ ਛਾਪੀ।

"ਲਾਹੌਰ ਦੇ ਸੁਪ੍ਰੀਟੈਂਡੈਂਟ ਪੁਲੀਸ ਦੀ ਕੋਠੀ ਬੰਬ ਸੁਟੇ ਗਏ। ਸੁਪ੍ਰੀਟੈਂਡੈਂਟ ਅਤੇ ਹੋਰ ਪੁਲਸ ਅਫਸਰ ਵਾਲ ਵਾਲ ਬਚ ਗਏ। ਜੁਗ ਗਰਦਾਂ ਨੇ ਪੁਲਸ ਅਫਸਰਾਂ ਦੀ ਖੁਫੀਆ ਮੀਟਿੰਗ ਵਿੱਚ ਬੰਬ ਸੁਟ ਕੇ ਸਾਰਿਆਂ ਨੂੰ ਮਾਰਨਾ ਚਾਹਿਆ ਸੀ, ਪਰ ਉਨ੍ਹਾਂ ਦੀ ਸਕੀਮ ਸਫਲ ਨਾ ਹੋਈ। ਬੰਬਾਂ ਨੂੰ ਸੁਟਣ ਵਾਲੀ ਕੋਈ ਕੁੜੀ ਦਸੀ ਜਾਂਦੀ ਹੈ। ਜਿਸਦਾ ਨਾਮ ਵੀਨਾ ਅਥਵਾ 'ਬਾਗ਼ੀ ਸੁੰਦਰੀ' ਹੈ ਗਵਰਨਰ ਨੇ ਉਸ ਦੀ ਗ੍ਰਿਫ਼ਤਾਰੀ ਦੇ ਈਨਾਮ ਵਿਚ ਵਾਧਾ ਕਰ ਦਿਤਾ ਹੈ। ਜੋ ਕੋਈ ਫੜੇਗਾ ਉਸ ਨੂੰ ਦਸ ਹਜ਼ਾਰ ਈਨਾਮ ਮਿਲੇਗਾ। ਕੋਠੀ ਦੇ ਤਿੰਨੇ ਪਹਿਰੇ ਵਾਲੇ ਸੰਤਰੀ ਬੇਸੁਰਤ ਪਏ ਹਨ। ਉਨ੍ਹਾਂ ਨੂੰ

ਪਤਾ ਨਹੀਂ ਕੀ ਸੁੰਘਾਇਆ ਜਾਂ ਖਵਾਇਆ ਗਿਆ ਹੈ ਕਿ ਡਾਕਟਰਾਂ ਦੇ ਟੀਕੇ ਲਾਉਣ ਤੇ ਵੀ ਉਨ੍ਹਾਂ ਨੂੰ ਪੂਰੀ ਹੋਸ਼ ਨਹੀਂ ਜਦੋਂ ਹੋਸ਼ ਆਈ ਤਾਂ ਕਈਆਂ ਗਲਾਂ ਦਾ ਭੇਤ ਖੁਲ੍ਹੇਗਾ। ਉਨ੍ਹਾਂ ਸੰਤਰੀਆਂ ਦੀਆਂ ਬੰਦੂਕਾਂ ਜੁਗ ਰ ਰਦ ਲੈ ਗਏ ਹਨ। ਅਗੇ ਤਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ। ਪੁਲੀਸ ਲਾਹੌਰ ਦਾ ਪੱਤਾ ਪੱਤਾ ਛਾਣ ਕੇ ਜੁਗ ਗਰਦਾਂ ਦੀ ਭਾਲ ਕਰ ਰਹੀ ਹੈ। ਸਰਕਾਰੀ ਅਫਸਰਾਂ ਦੀਆਂ ਕੋਠੀਆਂ ਵਿੱਚ ਦਹਿਸ਼ਤ ਛਾ ਗਈ ਹੈ। ਸਾਰੀਆਂ ਕੋਠੀਆਂ ਤੇ ਦਫਤਰਾਂ ਅਗੇ ਹਥਿਆਰ ਬੰਦ ਪੋਲੀਸ ਦਾ ਪਹਿਰਾ ਲਾ ਦਿੱਤਾ ਹੈ। ਕਈਆਂ ਅਫਸਰਾਂ ਨੇ ਆਪਣੇ ਟੱਬਰ ਲਾਹੌਰੋਂ ਬਾਹਰ ਭੇਜ ਦਿੱਤੇ ਹਨ।

## ੧੮.

ਜਨਕਰਾਜ ਤੇ ਡੀ.ਐਸ.ਪੀ. ਪ੍ਰਤਾਪ ਦੇਵ ਸਾਰੀ ਰਾਤ ਨਾ ਸੁਤੇ। ਬਾਗ਼ੀ ਸੁੰਦਰੀ ਤੇ ਉਸ ਦੇ ਸਾਥੀ ਉਨ੍ਹਾਂ ਵਾਸਤੇ ਹਊਆ ਬਣ ਗਏ। ਗਵਰਨਰ ਨੇ ਯੂਨਵਰਸਟੀ ਹਾਲ ਵਿਚ ਜਾਣਾ ਸੀ।ਜਲਸਾ ਮੁਲਤਵੀ ਕਰਨਾ ਵੀ ਕਠਣ ਸੀ। ਉਨ੍ਹਾਂ ਨੂੰ ਇਹ ਵੀ ਪਤਾ ਲਗ ਗਿਆ ਕਿ ਜੁਗ ਗਰਦਾਂ ਦੀ ਪਾਰਟੀ ਲਾਹੌਰ ਵਿਚ ਹੈ ਤੇ ਉਹ ਜ਼ਰੂਰ ਕੋਈ ਨਾ ਕੋਈ ਭਿਆਨਕ ਕਾਰਾ ਕਰੇਗੀ। ਹੋ ਸਕਦਾ ਹੈ ਕਿ ਗਵਰਨਰ ਦੀ ਜਾਨ ਹੀ ਚਲੀ ਜਾਏ। ਜਲਸੇ ਦੇ ਪ੍ਰਬੰਧ ਵਾਸਤੇ ਦੂਰ ਦੂਰ ਤੋਂ ਪੋਲੀਸ ਸੱਦੀ ਗਈ। ਯੂਨਵਰਸਟੀ ਦੇ ਪ੍ਰਬੰਧਕਾਂ ਪਾਸੋਂ ਇਹ ਵੀ ਆਗਿਆ ਲਈ ਗਈ ਕਿ ਜੋ ਵੀ ਇਸਤ੍ਰੀ ਮਰਦ ਹਾਲ ਵਿਚ ਵੜਨ ਉਨ੍ਹਾਂ ਦੀ ਤਲਾਸ਼ੀ ਤੇ ਜਾਣ ਪਛਾਣ ਲਈ ਜਾਏ।

ਲਾਹੌਰ ਸਾਰਾ ਘੇਰ ਕੇ ਬਾਗੀ ਸੁੰਦਰੀ ਦੇ ਸਾਥੀਆਂ ਨੂੰ ਲਭਣ ਦਾ ਪੂਰਾ ਉਪਰਾਲਾ ਕੀਤਾ ਗਿਆ।ਪਰ ਸੂਰਜ ਦੇ ਚੜ੍ਹਨ ਤਕ ਕਿਸੇ ਦਾ ਕੋਈ ਪਤਾ ਨਾ ਲੱਗਾ।

ਜਨਕਰਾਜ ਘਰ ਅਇਆ। ਉਹ ਇਕਲਾ ਰਹਿੰਦਾ

ਸੀ। ਟਬਰ ਪਿੰਡ ਭੇਜਿਆ ਹੋਇਆ ਸੀ। ਮਸਾਂ ਦੋ ਕੁ ਘੰਟੇ ਲੇਟਿਆ ਤੇ ਫਿਰ ਉਠ ਬੈਠਾ। ਕਿਉਂਕਿ ਮੁੜ ਬਾਹਰ ਜਾਣਾ ਸੀ। ਮੂੰਹ ਹੱਥ ਧੋ ਕੇ ਕੋਟ ਪਾਇਆ ਹੀ ਸੀ ਕਿ ਬਾਹਰਲਾ ਬੂਹਾ ਖੜਕਿਆ ਤੇ ਨਾਲ ਹੀ ਅਵਾਜ਼ ਆਈ।

'ਚੌਧਰੀ ਸਾਹਿਬ।'

ਕੋਟ ਪਾ ਕੇ ਪਸਤੌਲ ਨੂੰ ਧਿਆਨ ਨਾਲ ਦੇਖਕੇ ਉਹ ਬੂਹੇ ਵਲ ਹੋਇਆ। ਬੂਹਾ ਖੋਲਿਆ ਤੇ ਦੇਖਿਆ ਬਾਹਰ ਇੱਕ ਸਿਪਾਹੀ ਖਲੋਤਾ ਸੀ, ਉਸਨੇ ਸਲਾਮ ਕਰਕੇ ਕਿਹਾ, 'ਐਸ. ਐਸ. ਪੀ. ਤੇ ਡੀ. ਐਸ. ਪੀ. ਪ੍ਰਤਾਪ ਸਿੰਘ ਜੀ ਹੁਣੇ ਬੁਲਾਉਂਦੇ ਹਨ। ਬਾਹਰ ਕਾਰ ਖੜੀ ਹੈ। ਛੇਤੀ ਚਲੋ।'

'ਚਲੋ।'

ਆਖਕੇ ਜਨਕਰਾਜ ਨੇ ਘਰ ਦੇ ਬੂਹੇ ਬੰਦ ਕੀਤੇ ਤੇ ਸਿਪਾਹੀ ਦੇ ਨਾਲ ਤੁਰ ਪਿਆ। ਗਲੀ ਦੇ ਮੋੜ ਤੇ ਕਾਰ ਖਲੋਤੀ ਸੀ ਉਸ ਵਿੱਚ ਬੈਠ ਕੇ ਪੰਜ ਮਿੰਟ ਦੇ ਅੰਦਰ ਅੰਦਰ ਐਸ.ਐਸ ਪੀ. ਦੀ ਕੋਠੀ ਪਹੁੰਚ ਗਏ। ਕੋਠੀ ਦੇ ਬਾਹਰ ਅੰਦਰ ਪੁਲਸ ਦਾ ਜ਼ਬਰਦਸਤ ਪਹਿਰਾ ਸੀ। ਕਾਰ ਅੰਦਰ ਲੰਘ ਗਈ। ਜਨਕਰਾਜ ਕਾਰ ਵਿਚੋਂ ਉਤਰ ਕੇ ਅੰਦਰ ਗਿਆ। ਅੰਗ੍ਰੇਜ਼ ਐਸ.ਐਸ.ਪੀ. ਅਤੇ ਤਿੰਨ ਚਾਰ ਅਫਸਰ ਹੋਰ ਖਲੋਤੇ ਸਨ। ਉਨ੍ਹਾਂ ਦੇ ਲਾਗੇ ਇਕ ਵੀਹ ਕੁ ਸਾਲ ਦੀ ਮੁਟਿਆਰ ਖਲੋਤੀ ਸੀ। ਜੋ ਪੂਰੀ ਅਪਟੂਡੇਟ ਸੀ।

ਡੀ. ਐਸ. ਪੀ. ਪ੍ਰਤਾਪ ਸਿੰਘ ਨੇ ਜਨਕ ਰਾਜ ਨੂੰ ਪਾਸੇ ਕੀਤਾ ਤੇ ਕਿਹਾ—''ਇਹ ਮੁਟਿਆਰ ਆਪਣਾ ਨਾਮ

ਜਸਬੀਰ ਦਸਦੀ ਹੈ। ਕਹਿੰਦੀ ਹੈ ਕਿ ਉਹ ਬਾਗ਼ੀ ਸੁੰਦਰੀ ਉਸ ਦੇ ਸਾਥੀਆਂ ਮਨ. ਗਨ, ਜਨ ਤੇ ਜਗਜੀਤ ਕੌਰ ਆਦਿਕ ਨੂੰ ਜਾਣਦੀ ਹੈ। ਗਵਰਨਰ ਸਾਹਿਬ ਬਹਾਦਰ ਦੇ ਯੂਨਵਰਸਟੀ ਹਾਲ ਵਿੱਚ ਪੁਜਣ ਤੋਂ ਪਹਿਲਾਂ ਪਹਿਲਾਂ ਇਹ ਸਾਰਿਆਂ ਨੂੰ ਫੜਾ ਕੇ ਈਨਾਮ ਲੈਣਾ ਚਾਹੁੰਦੀ ਹੈ। ਇਸ ਦੇ ਬਿਆਨ ਅਨੁਸਾਰ ਉਹ ਇਸ ਪਾਰਟੀ ਦੀ ਮੈਂਬਰ ਹੈ।ਉਹ ਆਪਣੇ ਪਿਤਾ ਦਾ ਨਾਮ ਤਾਰਾਚੰਦ ਕਪੂਰ ਦਸਦੀ ਹੈਤੇ ਇਹਵੀ ਆਖਦੀ ਹੈ, ਉਹ ਦਿਲੀ ਦੇ ਕਿਲੇ ਵਿਚ ਨਜ਼ਰ ਬੰਦ ਹੈ।ਈਨਾਮਦੇਨਾਲ ਉਸ ਦੀ ਰਹਾਈ ਵੀ ਚਾਹੁੰਦੀ ਹੈ। ਇਸ ਨੂੰ ਹਰਾਸਤ ਵਿਚ ਵੀ ਰਖਣਾ ਹੈ, ਤੇ ਜੇ ਉਹ ਪਾਰਟੀ ਨੂੰ ਫੜਾ ਦੇਵੇਗੀ ਤਾਂ ਈਨਾਮ ਦਿੱਤਾ ਜਾਏਗਾ। ਇਸ ਦੀ ਤਲਾਸ਼ੀ ਲਈ ਗਈ ਹੈ। ਇਸ ਦੇ ਕੋਲੋਂ ਕੋਈ ਖ਼ਤਰੇ ਵਾਲੀ ਚੀਜ਼ ਨਹੀਂ ਨਿਕਲੀ। ਇਸ ਨੂੰ ਲਾਰੀ ਵਿਚ ਬੈਠਾਵੋ। ਇਸ ਨੇ ਨਿਸ਼ਾਨ ਦੇਹੀ ਇਹ ਦਿਤੀ ਹੈ ਕਿ ਇਛਰੇ ਦੇ ਚੜ੍ਹਦੇ ਪਾਸੇ ਨਿਕੀ ਇੱਟ ਦਾ ਮਕਾਨ ਹੈ। ਉਸ ਮਕਾਨ ਦਾ ਮਾਲਕ ਲਾ: ਈਸ਼ਰ ਚੰਦ ਹੈ। ਉਸ ਮਕਾਨ ਦੇ ਵਿਖ ਪੂਰੇ ਨੌਂ ਵਜੇ ਦਿਨੇ ਛੇ ਆਦਮੀਆਂ ਨੇ ਇੱਕਠਿਆਂ ਹੋਣਾ ਹੈ। ਉਨ੍ਹਾਂ ਵਿਚ ਬਾਗ਼ੀ ਸੁੰਦਰੀ ਹੋਵੇਗੀ। ਚਿਟੇ ਕਪੜਿਆ ਵਿਚ ਪੋਲੀਸ ਜਾਵੇ, ਲਾਰੀ ਸੜਕ ਤੇ ਖਲੋਵੇ ਤੇ ਸਾਰੇ ਇੱਛਰੇ ਨੂੰ ਘੇਰਿਆ ਜਾਏ। ਸੋ ਤੁਸੀਂ ਰਾਮ ਸ਼ਰਨ, ਤਾਰਾ ਚੰਦ, ਮਾਘੀ ਰਾਮ, ਕਰਮ ਸਿੰਘ। ਭੇਸ ਬਦਲ ਕੇ ਦਿਤੀ ਨਿਸ਼ਾਨ ਦੇਹੀ ਦੇ ਲਾਗੇ ਪਹੁੰਚ ਜਾਓ। ਅਜੇ ਸਾਢੇ ਸਤ ਹੋਏ ਹਨ। ਸਵਾ ਅਠ ਤਕ ਸਾਰਾ ਬੰਦੋਬਸਤ ਹੋ ਜਾਏ। ਕਿਸੇ

ਤਰ੍ਹਾਂ ਦਾ ਸ਼ਕ ਨਾ ਪਵੇ।'

'ਮੈਂ ਫਕੀਰ ਦਾ ਰੂਪ ਧਾਰ ਲੈਂਦਾ ਹਾਂ ਤੇ ਬਾਕੀ ਦੇ ਹੋਰ ਰੂਪ ਧਾਰ ਲੈਣ।'

'ਠੀਕ ਹੈ।'

'ਇਸ ਕੁੜੀ ਜਸਬੀਰ ਨੂੰ ਹਾਲ ਦੇ ਬੂਹੇ ਲਾਗੇ ਰੱਖਿਆ ਜਾਏਗਾ। ਇਹ ਨਿਸ਼ਾਨ ਦੇਹੀ ਦੇਵੇਗੀ ਦੂਸਰੇ ਪਾਰਟੀ ਦੇ ਆਦਮੀਆਂ ਦੀ। ਸਾਰੇ ਆਦਮੀ ਹਾਲ ਵਿੱਚ ਬੈਠ ਜਾਣਗੇ। ਤਸਲੀ ਹੋ ਜਾਏਗੀ ਤੇ ਸਭ ਹੱਛਾ ਦਿੱਤਾ ਜਾਏਗਾ ਤਾਂ ਗਵਰਨਰ ਸਾਹਿਬ ਤਸ਼ਰੀਫ਼ ਲਿਆਉਣਗੇ।'

ਇਉਂ ਪਕੀਆਂ ਕਰਕੇ ਜਨਕਰਾਜ ਨੂੰ ਡੀ.ਐਸ.ਪੀ. ਨੇ ਤੋਰ ਦਿੱਤਾ। ਆਪ ਉਸ ਮੁਟਿਆਰ ਜਸਬੀਰ ਦੇ ਕੋਲ ਆ ਗਿਆ ਐਸ. ਐਸ. ਪੀ. ਦੇ ਸਮੇਤ ਕਾਰ ਵਿਚ ਬੈਠਕੇ ਤੇ ਉਸ ਮੁਟਿਆਰ ਨੂੰ ਵੀ ਨਾਲ ਲੈ ਕੇ ਕੋਠੀ ਤੋਂ ਬਾਹਰ ਹੋ ਗਿਆ।

ਸਤਾਂ ਆਦਮੀਆਂ ਨੂੰ ਨਾਲ ਲੈ ਕੇ ਜਨਕਰਾਜ ਇੱਛਰੇ ਪਹੁੰਚ ਗਿਆ। ਉਸਨੇ ਫਕੀਰ ਦਾ ਰੂਪ ਧਾਰਿਆ ਹੋਇਆ ਸੀ। ਦਸੇ ਮਕਾਨ ਦੇ ਚੌਗਿਰਦੇ ਖਲੋ ਗਏ। ਉਸ ਮਕਾਨ ਦੇ ਅੰਦਰੋਂ ਖੈਰ ਮੰਗਿਆ ਉਸ ਵੇਲੇ ਅੰਦਰੋਂ ਇਕ ਛੋਟੀ ਜਹੀ ਕੁੜੀ ਆਈ, ਉਸਨੇ ਖੈਰ ਪਾਇਆ ਖੈਰ ਲੈ ਕੇ ਜਨਕ ਰਾਜ਼ ਨੇ ਅਸੀਸਾਂ ਦਿਤੀਆਂ। ਲੜਕੀ ਨੂੰ ਕੁਝ ਪੁਛਣਾ ਚਾਹਿਆ। ਪਰ ਫਿਰ ਕੁਝ ਸੋਚ ਕੇ ਚੁੱਪ ਰਿਹਾ ਤੇ ਬੁਲ੍ਹੇ ਦੀਆਂ ਕਾਫੀਆਂ ਗਾਉਂਦਾ ਹੋਇਆ ਅਗੇ ਨਿਕਲ ਗਿਆ।

ਉਹ ਮਕਾਨ ਬਾਹਰ ਵਾਲ ਉਚੇ ਥੇਹ ਉਤੇ ਸੀ। ਇਕ ਪਾਸੇ ਮਕਾਨ ਤੇ ਗਲੀ ਸੀ। ਬਾਕੀ ਦੇ ਤਿੰਨ ਪਾਸੇ ਖਾਲੀ ਸਨ। ਢਠੇ ਮਕਾਨਾਂ ਦੇ ਖੋਲੇ। ਬੜਾ ਔਖਾ ਸੀ ਲੁਕ ਕੇ ਖਲੋਣਾ। ਆਖਰ ਇੱਕ ਐਸੀ ਥਾਂ ਜਨਕਰਾਜ ਨੂੰ ਲਭੀ ਜਿੱਥੋਂ ਉਸ ਮਕਾਨ ਦਾ ਬੂਹਾ ਦਿਸਦਾ ਸੀ। ਉਹ ਉਥੇ ਜਾ ਬੈਠਾ।

ਠੀਕ ਪਾਉਣੇ ਨੌ ਵਜੇ ਇੱਕ ਇੱਕ ਕਰਕੇ ਛੇ ਆਦਮੀ ਆਦਮੀ ਤੇ ਚਾਰ ਇਸਤ੍ਰੀਆਂ ਉਸ ਮਕਾਨ ਵਿੱਚ ਵੜੀਆਂ। ਇਸਤ੍ਰੀਆਂ ਦੇ ਲਿਬਾਸ ਸਧਾਰਨ ਜਹੇ ਸਨ। ਠੀਕ ਉਸੇ ਤਰ੍ਹਾਂ ਦੇ ਜਿਵੇਂ ਅਨਪੜ੍ਹਾਂ ਇਸਤ੍ਰੀਆਂ ਦੇ ਹੁੰਦੇ ਹਨ। ਉਨ੍ਹਾਂ ਨੂੰ ਦੇਖਕੇ ਜਨਕ ਰਾਜ ਉਹਲਿਓਂ ਉਠਿਆ ਹੌਲੀ ਹੌਲੀ ਲਾ-ਪਰਵਾਹੀ ਵਿੱਚ ਝੂੰਮਦਾ ਹੋਇਆ ਤੁਰਿਆ ਤੇ ਪਲੋ ਨਾਲ ਦੂਸਰੇ ਸਾਥੀਆਂ ਨੂੰ ਖਬਰਦਾਰ ਕਰਦਾ ਗਿਆ।

ਉਸ ਮਕਾਨ ਦੇ ਉਹ ਨੇੜੇ ਹੋ ਗਿਆ। ਉੱਨੀ ਦੂਰ ਜਿੱਥੋਂ ਉਹ ਨਸ ਕੇ ਕਾਹਲੀ ਨਾਲ ਨੇੜੇ ਹੋ ਸਕਦਾ ਸੀ। ਉਹ ਉਡੀਕ ਕਰਨ ਲੱਗਾ ਕਿ ਪੁਲਸ ਦੀ ਹੱਥਿਆਰ ਬੰਦ ਗਾਰਦ ਕਦੋਂ ਆਉਂਦੀ ਹੈ। ਜੇ ਲੋੜ ਪਈ ਤਾਂ ਉਹ ਵੀ ਗਰਨੇਡਾਂ ਤੇ ਪਸਤੌਲ ਨਾਲ ਲੜਾਈ ਕਰ ਸਕਦਾ ਸੀ। ਨਿਡਰ ਤੇ ਚਲਾਕ ਚੰਗਾ ਸੀ।

ਨੌ ਵਜ ਗਏ, ਨੌ ਵਜ ਕੇ ਇੱਕ ਮਿੰਟ ਵੀ ਨਹੀਂ ਸੀ ਹੋਇਆ ਕਿ ਬਾਵਰਦੀ ਅਤੇ ਹਥਿਆਰ ਬੰਦ ਪੋਲੀਸ ਦੇ ਦੋ ਤਕੜੇ ਜਥੇ ਪੁਜ ਗਏ। ਮਕਾਨ ਨੂੰ ਘੇਰ ਲਿਆ। ਮਕਾਨ ਦੀ ਬਾਰੀ ਵਿਚ ਖਲੋ ਕੇ ਦੇਖਣ ਵਾਲੇ ਨੇ ਮਕਾਨ ਅੰਦਰ ਬੈਠਿਆਂ

ਵਲ ਈਸ਼ਾਰਾ ਕਰਕੇ ਦਸਿਆ—'ਪੋਲੀਸ ਆ ਗਈ। ਪੁਲੀਸ ਦਾ ਨਾਂ ਸੁਣ ਕੇ ਸਭੇ ਹੱਕੇ ਬਕੇ ਰਹਿ ਗਏ। ਉਨ੍ਹਾਂ ਮਨ ਦੀਆਂ ਮਨ ਵਿਚ ਰਹਿ ਗਈਆਂ। ਰਾਤ ਦੇ ਯਾਰਾਂ ਵਜੇ ਮੀਟਿੰਗ ਦਾ ਫੈਸਲਾ ਕੀਟਾ ਗਿਆ ਸੀ। ਫਿਰ ਪੁਲਸ ਨੂੰ ਕਿਵੇਂ ਪਤਾ ਲਗ ਗਿਆ?

ਇਹ ਸੋਚ ਕੇ ਸਾਰੇ ਹੈਰਾਨ ਸਨ ਕਿ ਦੇਸ਼ ਨਾਲ ਗ਼ਦਾਰੀ ਕਿਸ ਨੇ ਕੀਤੀ ਹੈ? ਕੌਣ ਲਾਲਚੀ ਬਣਿਆ ਹੈ? ਕੁਝ ਸਮਝ ਨਾ ਆਈ ਆਖਰ ਜਗਜੀਤ ਕੌਰ ਨੇ ਦਸਿਆ, 'ਕੁੜੀ ਜਸਬੀਰ ਨਹੀਂ ਆਈ। ਉਸ ਨੇ ਆਉਣਾ ਸੀ। ਕਿਤੇ ਓਸੇ ਧਰੋਸ ਨਾ ਕੀਤਾ ਹੋਵੇ।'

ਐਸੀਆਂ ਵਿਚਾਰਾਂ ਦਾ ਸਮਾਂ ਨਹੀਂ ਸੀ। ਬਾਗ਼ੀ ਸੁੰਦਰੀ ਨੇ ਕਿਹਾ, 'ਸਾਰੀਆਂ ਵਿਉਂਤਾਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ। ਜਿੰਦਗੀ ਤੇ ਮੌਤ ਦੇ ਵਿਚਾਲੇ ਖਲੋਤੇ ਹਾਂ। ਦਸੋ ਗ੍ਰਿਫ਼ਤਾਰ ਹੋਣਾ ਠੀਕ ਹੈ ਕਿ ਦੋ ਹੱਥ ਕਰਨੇ ਹਨ?'

ਜਗਜੀਤ—'ਔਖੀ ਬਣੀ ਲੜਾਈ ਕਰਨ ਜੋਗਾ ਸਮਾਨ ਨਹੀਂ। ਸਿਰਫ ਇੱਕ ਅੱਧਾ, ਰੀਵਲਵਰ ਤੇ ਦੋ ਬੰਬ ਹਨ। ਪਰ ਜੇ ਬੰਬ ਏਥੇ ਸੁਟਿਆ ਤਾਂ ਸਾਰਾ ਇੱਛਰਾ ਖਤਰੇ ਵਿਚ। ਜਾਏਗਾ। ਆਮ ਲੋਕਾਂ ਨੂੰ ਤੰਗੀ ਹੋਵੇਗੀ। ਪੁਲਸ ਨੇ ਸਾਪੇ ਨਗਰ ਦੀ ਵਸੋਂ ਨੂੰ ਫੜ ਲੈਣਾ ਤੇ ਘਰਾਂ ਨੂੰ ਲੁਟ ਲੈਣਾ ਹੈਰੇ

ਅਸਾਂ ਨੂੰ ਲੋਕਾਂ ਦਾ ਖਿਆਲ ਰਖਣਾ ਚਾਹੀਦਾ ਹੈ।'

ਜਨ–ਅਸਾਡੀ ਲੜਾਈ ਦੇਸ਼ ਦੇ ਦੁਸ਼ਮਨਾਂ ਨਾਲ ਹੈ। ਦੇਸ਼ ਦੀ ਮਾਸੂਮ ਪਰਜਾ ਨਾਲ ਨਹੀਂ।'

ਅਜੇ ਪੂਰਾ ਫੈਸਲਾ ਨਹੀਂ ਸੀ ਹੋਇਆ ਕਿ ਕੀ ਕੀਤਾ ਜਾਏ, ਕਿ ਹੇਠੋਂ ਆਵਾਜ਼ ਆਈ, 'ਆਪਣੇ ਆਪ ਨੂੰ ਪੁਲਸ ਦੇ ਹਵਾਲੇ ਕਰ ਦੇਵੋ ਨਹੀਂ ਤੇ ਭੁੰਨ ਸੁਟੇ ਜਾਓਗੇ।'

'ਪੁਲਸ ਪੂਰਾ ਮੁਕਾਬਲਾ ਕਰਨ ਵਾਸਤੇ ਡਟ ਗਈ। 'ਬਾਗ਼ੀ ਸੁੰਦਰੀ' ਜਥੇ ਦੀ ਸਰਦਾਰ ਵੀਨਾ ਨੇ ਬਾਰੀ ਵਿਚ ਹੋ ਕੇ ਬਾਹਰ ਤਕਿਆ ਉਸ ਨੂੰ ਪੂਰਾ ਗਿਆਨ ਹੋ ਗਿਆ ਕਿ ਬਚ ਨਿਕਲਣਾ ਔਖਾ ਹੈ। ਐਵੇਂ ਮਰਨਾ ਵੀ ਨਹੀਂ ਚਾਹੀਦਾ। ਚੰਗਾ ਹੈ ਕਿ ਗ੍ਰਿਫਤਾਰੀ ਦਿੱਤੀ ਜਾਏ। ਮੁਕਦਮਾ ਚਲੇਗਾ। ਬਿਆਨ ਹੋਣਗੇ, ਉਨ੍ਹਾਂ ਬਿਆਨਾਂ ਵਿਚ ਬ੍ਰਤਾਨਵੀ ਸਾਮਰਾਜ ਦੀ ਮਿਟੀ ਪੁਟੀ ਜਾ ਸਕੇਗੀ। ਸ: ਭਗਤ ਸਿੰਘ ਦੇ ਬਿਆਨਾਂ ਨੇ ਦੇਸ਼ ਦੀ ਜਾਗਰਤਾ ਵਿੱਚ ਬਹੁਤ ਕੰਮ ਕੀਤਾ ਹੈ।

'ਸਾਥੀਓ! ਮੇਰਾ ਇਹ ਫੈਸਲਾ ਹੈ ਕਿ ਦਰਵਾਜ਼ਾ ਖੋਲ੍ਹ ਕੇ ਚੁੱਪ ਚਾਪ ਗ੍ਰਿਫਤਾਰੀ ਦੇ ਦਈਏ। ਮਕਦਮਾ ਚਲਣ ਵਿਚ ਸ਼ਾਇਦ ਬਰੀ ਹੋ ਜਾਈਏ, ਪਰ ਜੇ ਐਵੇਂ ਮਰ ਗਏ ਤਾਂ ਸੇਵਾ ਅਧੂਰੀ ਰਹਿ ਜਾਏਗੀ।'

ਸਾਰਿਆਂ ਨੇ ਹੁਕਮ ਮੰਨਿਆਂ।

ਜਨ ਨੇ ਬਾਹਰ ਹੋ ਕੇ ਪੁਲਸ ਅਫਸਰਾਂ ਨੂੰ ਸੰਬੋਧਨ ਕਰਕੇ ਕਿਹਾ, 'ਬੂਹਾ ਖੋਲ੍ਹਿਆ ਜਾਂਦਾ ਹੈ, ਤੁਸੀਂ ਉਪਰ ਆਕੇ ਸਾਰਿਆਂ ਨੂੰ ਫੜ ਲਵੋ।'

ਡੀ.ਐਸ.ਪੀ. ਕਾਹਨ ਚੰਦ ਨੇ ਉਤਰ ਦਿੱਤਾ, 'ਅਸਾਂ ਉਪਰ ਨਹੀਂ ਆਉਣਾ। ਤੁਸੀਂ ਸਾਰੇ ਹੇਟਾਂ ਆ ਜਾਓ।'

ਅਸੀਂ ਦੇਸ਼ ਦੇ ਸੇਵਕ ਹਾਂ, ਡਾਕੂ ਨਹੀਂ। ਝੂਠ ਨਹੀਂ ਬੋਲਦੇ। ਮੁਕਾਬਲਾ ਕਰਨ ਦਾ ਵਿਚਾਰ ਨਹੀ।' ਜਨ ਨੇ ਫਿਰ ਆਵਾਜ਼ ਦਿੱਤੀ।

ਕੁਸ਼ਲਿਆ, ਜਗਜੀਤ ਤੇ ਵੀਨਾ ਉਠੀਆਂ। ਉਨ੍ਹਾਂ ਦੇ ਪਿੱਛੇ ਪਿੱਛੇ ਸਾਰੇ ਮਰਦ ਸਨ। ਅੰਦਰ ਕ੍ਰੋਧ ਤੇ ਬੁਲ੍ਹਾਂ ਉੱਤੇ ਮੁਸਕਰਾਹਟ ਰੱਖ ਕੇ ਸਾਰੇ ਹੇਠਾਂ ਉਤਰੇ। ਪੁਲਸ ਨੇ ਮਰਦਾਂ ਨੂੰ ਹੱਥ ਕੜੀਆਂ ਲਾ ਲਈਆਂ ਸਾਰਿਆਂ ਦੀ ਤਲਾਸ਼ੀ ਕੀਤੀ। ਇਕ ਰੀਵਲਟਰ ਤੇ ਦੋ ਬੰਬ ਮਨ ਕੋਲੋਂ ਮਿਲੇ। ਉਪਰ ਚੜ੍ਹਕੇ ਪੁਲਸ ਨੇ ਸਾਰੇ ਮਕਾਨ ਨੂੰ ਦੇਖਿਆ ਪਰ ਕੋਈ ਇਤਰਾਜ ਜੋਗ ਵਸਤੂ ਨਾ ਮਿਲੀ।

ਇੱਛਰੇ ਵਿਚ ਬਹੁਤੀ ਗਿਣਤੀ ਮੁਸਲਮਾਨਾਂ ਦੀ ਸੀ ਕਈ ਸਰਕਾਰੀ ਬੰਦੇ ਵੀ ਰਹਿੰਦੇ ਸਨ। ਪੁਲਸ ਦੀ ਪਹੁੰਚ ਕਰਕੇ ਸਾਰੀ ਮਨੁੱਖ ਵਸੋਂ ਘਬਰਾ ਗਈ ਸੀ। ਘਰ ਘਰ ਗਲਾਂ ਹੋਣ ਲਗ ਪਈਆਂ ਸਨ। ਜਦੋਂ ਗ੍ਰਿਫਤਾਰੀਆਂ ਹੋ ਗਈਆਂ ਤਾਂ ਹੌਲੀ ਹੌਲੀ ਲੋਕ ਨੇੜੇ ਆ ਗਏ। ਸਾਰਿਆਂ ਨੇ ਦੇਖਿਆ ਅੰਗਰੇਜ਼ੀ ਸਾਮਰਾਜ ਪਾਸੋਂ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸਾਰੇ ਨੌਜਵਾਨ ਹੱਸਦੇ ਸਨ। ਕਿਸੇ ਦੇ ਚਿਹਰੇ ਉਤੇ ਘਬਰਾਹਟ ਨਹੀਂ ਸੀ।

ਸਾਰੇ ਬਾਗ਼ੀਆਂ ਨੂੰ ਲਾਰੀ ਵਿਚ ਬੈਠਾ ਕੇ ਲਾਹੌਰ ਦੇ ਲਾਲ ਕਿਲ੍ਹੇ ਵਲ ਤੋਰ ਦਿੱਤਾ ਗਿਆ। ਤੇ ਪੰਜਾਬ ਯੂਨੀਵਰਟੀ

ਦੇ ਹਾਲ ਵਿਚ ਕਾਲਜਾਂ ਦੇ ਪ੍ਰੋਫੈਸਰ, ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਤੇ ਸ਼ਹਿਰ ਦੇ ਪਤਵੰਤੇ ਸਜਨ ਦਾਖਲ ਹੋਣੇ ਸ਼ੁਰੂ ਹੋਏ। ਪੁਲਸ ਹਰ ਇੱਕ ਦੀ ਜਾਣ-ਪਛਾਣ ਕਰਣ ਲਗੀ। ਅੱਧਾ ਹਾਲ ਭਰ ਗਿਆ, ਪਰ ਪੋਲੀਸ ਦੇ ਆਸਰੇ ਖਲੋਤੀ ਜਸਬੀਰ ਮੁਟਿਆਰ ਨੇ ਕਿਸੇ ਵਲ ਉਂਗਲ ਨਾ ਕੀਤੀ। ਉਹ ਸ ਰਿਆਂ ਵਲ ਤਾੜੀ ਲਾ ਕੇ ਵੇਖਦੀ ਰਹੀ। ਇਸ ਕਰਕੇ ਨਹੀਂ ਕਿ ਉਹ ਵਤਨ ਦੇ ਕਿਸੇ ਆਸ਼ਕ ਨੂੰ ਲਭੇ ਸਗੋਂ ਇਸ ਕਰਕੇ ਕਿ ਉਹਦੇ ਹਿਰਦੇ ਦੀ ਘਬਰਾਹਟ ਵਧ ਗਈ ਸੀ। ਉਸ ਨੂੰ ਗਿਆਨ ਹੋ ਗਿਆ ਸੀ ਕਿ ਉਹ ਜੋ ਕੁਝ ਕਰ ਰਹੀ ਹੈ, ਉਹ ਚੰਗਾ ਨਹੀਂ ਕਰ ਰਹੀ। ਦੇਸ਼ ਗੁਲਾਮ ਹੈ। ਅਜ ਦਾ ਨਹੀਂ ਸਗੋਂ ਕਈ ਸੌ ਸਾਲ ਦਾ। ਗੁਲਾਮਾਂ ਦੀ ਜ਼ਿੰਦਗੀ ਦੁੱਖਾਂ ਭਰੀ ਹੁੰਦੀ ਹੈ। ਉਸਨੇ ਮਾੜਾ ਕੀਤਾ ਜੋ 'ਬਾਗ਼ੀ ਸੁੰਦਰੀ' ਦਾ ਪਤਾ ਦੇ ਦਿੱਤਾ। ਉਸ (ਜਸਬੀਰ) ਨੇ ਤਾਂ ਸੌਂਹ ਚੁੱਕੀ ਸੀ ਕਿ ਉਹ ਦੇਸ਼ ਦੀ ਵਫ਼ਾਦਾਰ ਸਿਪਾਹੀ ਰਹੇਗੀ। ਲਾਲਚ ਵਿੱਚ ਆ ਕੇ ਕਦੀ ਦੇਸ਼ ਤੇ ਦੇਸ਼ ਦੇ ਸੇਵਕਾਂ ਨਾਲ ਧ੍ਰੋਹ ਨਹੀਂ ਕਰੇਗੀ।.....ਪਰ ਦਸ ਹਜ਼ਾਰ ਰੁਪੈ ਦੇ ਈਨਾਮ ਤੇ ਬਾਪ ਦੀ ਜਾਨ ਬਦਲੇ ਹੋਰ ਅਨੇਕਾਂ ਦੀਆਂ ਕੀਮਤੀ ਜਾਨਾਂ ਲੈਣ ਲਗੀ ਅਖਰ ਕਿਉਂ? ਉਹ ਬਚ ਨਹੀਂ ਸਕਦੀ। ਦੇਸ਼ ਸੇਵਕਾਂ ਦੇ ਹਮਾਇਤੀ ਮਾਰ ਦੇਣਗੇ, ਕਿਉਂਕਿ ਆਖਰ ਉਸ ਦਾ ਪਾਪ ਨੰਗਾ ਹੋ ਹੀ ਜਾਣਾ ਹੈ। ਉਸ ਕੋਲੋਂ ਅਦਾਲਤ ਵਿਚ ਗਵਾਹੀ ਦਿਵਾਈ ਜਾਏਗੀ ਇਹ ਕੁਝ ਸੋਚ ਕੇ ਉਹ ਘਬਰਾ ਰਹੀ ਸੀ। ਪਰ ਹੁਣ ਉਸ ਦੇ ਘਬਰਾਉਣ

ਦਾ ਕੁਝ ਲਾਭ ਨਹੀਂ ਸੀ।......ਫਿਰ ਉਹ ਇਹ ਵੀ ਸੋਚਣ ਲਗੀ, ਜੇ ਗਵਰਨਰ ਨੂੰ ਕਿਸੇ ਗੋਲੀ ਮਾਰ ਦਿਤੀ ਤਾਂ ਉਹ ਵੀ ਦੋਸ਼ੀ ਠਹਿਰਾਈ ਜਾਏਗੀ ਕਿਉਂਕਿ ਉਸਨੇ ਆਖਿਆ ਹੈ ਕਿ ਗੋਲੀ ਮਾਰਨ ਵਾਲਿਆਂ ਨੂੰ ਉਹ ਜਾਣਦੀ ਹੈ। ਜੇ ਭਲਾ ਕੋਈ ਉਸ ਕੋਲੋਂ ਵੀ ਅੱਖ ਬਚਾ ਕੇ ਲੰਘ ਗਿਆ ਤਾਂ ਕੀ ਬਣੇਗਾ ?

ਡੀ. ਐਸ. ਪੀ. ਨਿਰੰਜਨਦਾਸ ਉਹਦੇ ਈਸ਼ਾਰੇ ਦੀ ਉਡੀਕ ਕਰਦਾ ਰਿਹਾ ਤੇ ਬਾਕੀ ਦੇ ਸਿਪਾਹੀ ਨਿਰੰਜਨਦਾਸ ਦੀ ਅੱਖ ਦੇ ਈਸ਼ਾਰੇ ਦੀ ਉਡੀਕ ਕਰਦੇ ਰਹੇ।

ਚਵੀ-ਪੰਝੀ ਸਾਲ ਦੀ ਉਮਰ ਦਾ ਸਿੱਖ ਜਵਾਨ ਆਇਆ ਉਸ ਨੇ ਲਾਲ ਪੱਗ ਬੰਨ੍ਹੀ ਹੋਈ ਸੀ। ਕਿਸੇ ਸਿਆਣੇ ਵਲੈਤੀ ਹੁਨਰ ਦੇ ਕਾਰੀਗਰ ਦਟਜੀ ਦਾ ਸੀਤਾ ਹੋਇਆ ਅੰਗਰੇਜ਼ੀ ਸੂਟ ਪਾਇਆ ਹੋਇਆ ਸੀ। ਕਾਲਾ ਗੌਣ ਸੂਟ ਦੇ ਉਪਰ ਸੀ। ਜੋ ਪ੍ਰਗਟ ਕਰਦਾ ਸੀ ਕਿ ਉਹ ਵਿਦਿਆਰਥੀ ਹੈ ਤੇ ਡਿਗਰੀ ਲੈਣ ਵਾਸਤੇ ਆਇਆ ਹੈ।

ਉਹ ਨੌਜਵਾਨ ਸੀ ਧਰਮ ਸਿੰਘ। ਇੰਨਕਲਾਬੀ ਪਾਰਟੀ ਦਾ ਮੈਂਬਰ, ਵਤਨ ਨੂੰ ਸੁਤੰਤ੍ਰ ਦੇਖਣ| ਦਾ ਚਾਹਵਾਨ ਅਤੇ ਜਸਬੀਰ ਦਾ ਸਾਥੀ ਪ੍ਰੇਮੀ। ਜਿਸ ਨੂੰ ਦੇਖ ਕੇ ਜਸਬੀਰ ਜੀਉਂਦੀ ਸੀ। ਜਸਬੀਰ ਨੂੰ ਕੋਈ ਚਿਤ ਚੇਤਾ ਨਹੀਂ ਸੀ ਕਿ ਧਰਮ ਸਿੰਘ ਆਵੇਗਾ। ਉਸ ਨੂੰ ਪਤਾ ਸੀ ਕਿ ਜਿਨ੍ਹਾਂ ਦੋਂਹ ਜਵਾਨਾਂ ਦੀ ਡਿਊਟੀ ਲਾਈ ਗਈ ਸੀ, ਉਹ ਹੋਰ ਸਨ।

ਉਨ੍ਹਾਂ ਨੂੰ ਜਸਬੀਰ ਕੌਰ ਨਫਰਤ ਕਰਦੀ ਸੀ। ਉਹ ਇਹ ਵੀ ਜਾਣਦੀ ਸੀ ਕਿ ਧਰਮ ਸਿੰਘ ਨੇ ਡਿਗਰੀ ਨਹੀਂ ਲੈਣੀ। ਕਿਉਂਕਿ ਉਹ ਤਾਂ ਐਫ. ਸੀ. ਕਾਲਜ ਵਿਚੋਂ ਬੀ.ਏ. ਦੋ ਸਾਲ ਪਹਿਲਾਂ ਪਾਸ ਕਰ ਚੁਕਿਆ ਹੈ। ਉਹ ਬਲਦੀ ਅੱਗ ਵਿਚ ਕਿਉਂ ਆਇਆ ਹੈ? ਇਸ ਦਾ ਕਾਰਣ ਉਹ ਸਮਝ ਗਈ।

ਹਾਲ ਦੇ ਅਗੇ ਭੀੜ ਸੀ। ਦੂਸਰਿਆਂ ਲੋਕਾਂ ਦੀ ਜਾਣ ਪਛਾਣ ਤੇ ਤਲਾਸ਼ੀ ਹੁੰਦੀ ਸੀ, ਇਸ ਕਰਕੇ ਧਰਮ ਸਿੰਘ ਬਹੁਤ ਲਾ-ਪਰਵਾਹੀ ਨਾਲ ਖਲੋਤਾ ਰਿਹਾ। ਉਸਨੇ ਜਸਬੀਰ ਨੂੰ ਨਹੀਂ ਸੀ ਦੇਖਿਆ ਪਰ ਜਸਬੀਰ ਨੇ ਉਸ ਨੂੰ ਦੇਖ ਲਿਆ ਸੀ। ਖੁਦਗਰਜੀ ਤੇ ਲਾਲਚ ਦਾ ਭਾਰ ਜਸਬੀਰ ਦੇ ਮਨ ਉਤੇ ਪੈ ਗਿਆ ਉਹ ਦੇਸ਼ ਤੇ ਆਪਣੇ ਪ੍ਰੇਮੀ ਨੂੰ ਭੁਲ ਗਈ। ਉਹ ਕੰਬ ਉਠੀ। ਘਬਰਾ ਗਈ। ਉਸ ਦੀਆਂ ਅੱਖਾਂ ਅਗੇ ਹਨੇਰਾ ਹੋ ਗਿਆ ਉਸ ਹਨੇਰੇ ਵਿਚ ਧਰਮ ਸਿੰਘ ਦੀ ਤਸਵੀਰ ਘੁੰਮੀ ਪਰ ਜਿਉਂ ਹੀ ਪੁਲਸ ਧਰਮ ਸਿੰਘ ਦਾ ਜਾਣ-ਪਛਾਣ ਵਾਲਾ ਕਾਰਟ ਦੇਖਣ ਲਗੀ ਤਿਉਂ ਹੀ ਜਸਬੀਰ ਨੇ ਉਂਗਲ ਦਾ ਇਸ਼ਾਰਾ ਕਰ ਦਿਤਾ। ਉਸ ਦੇ ਇਸ਼ਾਰਾ ਕਰਨ ਦੀ ਢਿਲ ਹੀ ਸੀ ਕਿ ਪੁਲਸ ਹਰਕਤ ਵਿਚ ਆ ਗਈ। ਧਰਮ ਸਿੰਘ ਨੂੰ ਕਾਬੂ ਕਰ ਲਿਆ ਗਿਆ, ਪਰ ਉਸੇ ਵੇਲੇ ਧਰਮ ਸਿੰਘ ਦਾ ਸਾਥੀ ਕ੍ਰਿਪਾਲ ਚੰਦ ਅੱਗੇ ਲੰਘ ਗਿਆ ਉਸਦੇ ਕੋਲ ਪਸਤੌਲ ਵੀ ਚਲਿਆ ਗਿਆ। ਉਸ ਨੂੰ ਜਸਬੀਰ ਕੌਰ ਨਾ ਦੇਖ ਸਕੀ। ਉਹ ਐਨੀ ਘਬਰਾਈ ਕਿ ਉਸ ਨੂੰ ਦਿਸਣੋਂ ਹੀ ਹੱਟ ਗਿਆ

ਸੀ। ਉਹ ਤਾਂ ਬੇਦਲ ਹੀ ਗਈ ਸੀ। ਕੋਈ ਦਸਾਂ, ਪੰਦਰਾਂ ਮਿੰਟਾਂ ਪਿੱਛੋਂ ਉਸ ਨੂੰ ਹੋਸ਼ ਆਈ। ਫਿਰ ਉਹ ਸੁਰਤ ਕਰਕੇ ਬੈਠੀ ਤਾਂ ਸਹੀ, ਪਰ ਬਹੁਤ ਔਖੀ ਹੋ ਕੇ। ਉਹਦੀ ਆਤਮਾ ਉਹਦੇ ਪਾਪ ਕਰਮ ਤੇ ਉਸ ਨੂੰ ਫਿਟਕਾਰਾਂ ਪਾਉਣ ਲਗ ਪਈ ਸੀ।

'ਸਭ-ਹੱਛੇ' ਦਾ ਈਸ਼ਾਰਾ ਐਸ.ਐਸ.ਪੀ ਨੂੰ ਮਿਲ ਗਿਆ ਉਸ ਨੇ ਗਵਰਨਰ ਦੀ ਕੋਠੀ ਟੈਲੀਫੋਨ ਕੀਤਾ ਤੇ ਗਵਰਨਰ ਸਾਹਿਬ ਕੋਠੀ ਤੋਂ ਚਲ ਪਏ। ਉਸਦੇ ਅਗੇ ਤੇ ਪਿੱਛੇ ਪੋਲੀਸ ਸੀ। ਰਾਹ ਰੋਕੇ ਹੋਏ ਤੇ ਰਾਹ ਵਿੱਚ ਤਿੰਨਾਂ ਫੁਟਾਂ ਦੀ ਵਿਥ ਤੇ ਸਿਪਾਹੀ ਖਲੋਤਾ ਹੋਇਆ ਸੀ। ਨੱਕਾ ਨੱਕ ਭਰੇ ਹੋਏ ਹਾਲ ਵਿਚ ਗਵਰਨਰ ਆਇਆ। ਹਾਲ ਦੇ ਸਾਰੇ ਇਸਤ੍ਰੀ ਪੁਰਸ਼ ਉਠ ਕੇ ਖਲੋ ਗਏ। ਗਵਰਨਰ ਕੁਰਸੀ ਉਤੇ ਬੈਠ ਗਿਆ। ਜਲਸੇ ਦੀ ਕਾਰਵਾਈ ਸ਼ੁਰੂ ਹੋਈ।

ਵਾਈਸਚੈਂਸਲਰ ਵਲੋਂ ਰੀਪੋਰਟ ਪੜ੍ਹੀ ਗਈ। ਡਿਗਰੀਆਂ ਦੇਣੀਆਂ ਸ਼ੁਰੂ ਹੋਈਆਂ। ਸਾਰੇ ਹਾਲ ਵਿਚ ਚੁਪ ਰਹੀ। ਚਿਟੇ ਕਪੜਿਆਂ ਤੇ ਬਰਦੀ ਵਾਲੀ ਪੋਲੀਸ ਦੇ ਬੰਦੇ ਬੁਤ ਬਣ ਕੇ ਅਝਮਕ ਅੱਖਾਂ ਨਾਲ ਹਰ ਇੱਕ ਦੇ ਅੰਗਾਂ ਦੀ ਹਰਕਤ ਦੀ ਨਿਗਰਾਨੀ ਕਰਦੇ ਰਹੇ। ਡਿਗਰੀਆਂ ਦਿਤੀਆਂ ਗਈਆਂ ਗਵਰਨਰ ਤਕਰੀਰ ਕਰਨ ਵਾਸਤੇ ਉਠਿਆ।

ਗਵਰਨਰ ਨੇ ਅਜੇ ਵੀਹ ਕੁ ਸ਼ਬਦ ਹੀ ਬੋਲੇ ਹੋਣ ਗੇ ਕਿ 'ਠਾਹ' ਕਰਕੇ ਪਸਤੌਲ ਦੀ ਗੋਲੀ ਉਸ ਦੀ ਛਾਤੀ ਵਿੱਚ ਵਜੀ। ਪਰ ਵਾਹ ਕਿਸਮਤ ਨਿਸ਼ਾਨਾ ਕਈਆਂ ਧਾਤਾਂ

ਦੇ ਬਣੇ ਹੋਏ ਤਗਮੇ ਉਪਰ ਵਜਾ ਜੋ ਰੁਪੈ ਨਾਲੋਂ ਚੌੜਾ ਸੀ, ਅਤੇ ਹੋਰ ਤਗਮਿਆਂ ਦੇ ਨਾਲ ਗਵਰਨਰ ਦੀ ਬਰਦੀ ਉਤੇ ਲਟਕਾਇਆ ਹੋਇਆ ਸੀ। ਧੂਏਂ ਤੇ ਖੜਕੇ ਨਾਲ ਸਾਰਾ ਹਾਲ ਤ੍ਰਬਕ ਗਿਆ ਗਵਰਨਰ ਪਿਛੇ ਕੁਰਸੀ ਉਤੇ ਡਿਗ ਪਿਆ। ਪੁਲਸ ਹਰਕਤ ਵਿੱਚ ਆ ਗਈ। ਗੋਲੀ ਮਾਰਨ ਵਾਲਾ ਫੜਿਆ ਗਿਆ ਉਸ ਨੇ ਬਿਆਨ ਦਿੱਤਾ, 'ਮੈਂ ਗਵਰਨਰ ਨੂੰ ਗੋਲੀ ਇਸ ਕਰਕੇ ਮਾਰੀ ਹੈ ਕਿ ਇਹ ਡਾਕੂ ਹੈ। ਉਨ੍ਹਾਂ ਵਡੇ ਡਾਕੂਆਂ ਦਾ ਪ੍ਰਤੀਨਿਧ ਹੈ, ਜਿਨ੍ਹਾਂ ਨੇ ਹਿੰਦ ਦੀ ਮਾਸੂਮ ਜਨਤਾ ਨੂੰ ਲੁਟਣ ਵਾਸਤੇ ਕਈ ਪ੍ਰਕਾਰ ਦੇ ਜਾਲ ਵਿਛਾਏ ਹੋਏ ਹਨ। ਇਹ ਪ੍ਰਦੇਸੀ ਹੈ, ਡਾਕੂ ਹੈ, ਮੇਰੇ ਵਤਨ ਦੀ ਯੂਨਵਰਸਟੀ ਦੀਆਂ ਜਿਗਰੀਆਂ ਵੰਡਣ ਦਾ ਇਸ ਨੂੰ ਕੋਈ ਅਧਿਕਾਰ ਨਹੀਂ।'

ਜਲਸਾ ਖਤਮ ਹੋ ਗਿਆ। ਸਾਰ੍ਹੇ ਦੇਸ਼ ਵਿੱਚ ਟੈਲੀਫੋਨ ਖੜਕ ਗਏ, ਤਾਰਾਂ ਭੇਜੀਆਂ ਗਈਆਂ ਕਿ ਜੁਗਗਰਦਾਂ ਦੇ ਇਕ ਸਾਥੀ ਨੇ ਪੰਜਾਬ ਗਵਰਨਰ ਨੂੰ ਗੋਲੀ ਮਾਰੀ ਹੈ ਪਰ ਉਹ ਵਾਲ ਵਾਲ ਬਚ ਗਏ ਹਨ। ਬਚ ਜਾਣ ਤੇ ਹਜ਼ਾਰਾਂ ਤਾਰਾਂ ਤੇ ਚਿਠੀਆਂ ਗਵਰਨਰ ਨੂੰ ਵਸੂਲ ਹੋਈਆਂ।

ਬਾਦਸ਼ਾਹ ਦੇ ਵਿਰੁਧ ਜੰਗ ਕਰਨ ਅਤੇ ਲੋਕਾਂ ਨੂੰ ਲੂਟਣ ਅਤੇ ਪੁਲਸ ਅਫਸਰਾਂ ਨੂੰ ਮਾਰਨ ਦੀਆਂ ਧਮਕੀਆਂ ਆ[illegible]ਦਕ ਦੇ ਦੋਸ਼ ਲਾ ਕੇ ਲਾਹੌਰ ਸੈਂਟਰਲ ਜਿਹਲ ਵਿਚ [illegible]ਮਾ ਚਲਾਇਆ ਗਿਆ। ਅਖਬਾਰਾਂ ਵਿਚ ਮੁਕਦਮੇ ਦੇ ਹਾਲ ਛਪੇ। ਦੇਸ਼ ਭਗਤਾਂ ਨੂੰ ਬਚਾਉਣ ਵਾਸਤੇ ਇੱਕ ਕਮੇਟੀ

ਬਣਾਈ ਗਈ। ਦੇਸ਼ ਦੇ ਕੋਨੇ ਕੋਨੇ ਵਿੱਚ ਬਾਗੀ ਸੁੰਦਰੀ ਵੀਨਾ' ਉਸਦੇ ਭਰਾ ਰਾਮ ਪ੍ਰਸਾਦ ਕੁਸ਼ਲਿਆ ਤੇ ਹੋਰ ਸਾਥੀਆਂਦੀ ਸਚੀ ਦੇਸ਼ ਭਗਤੀ, ਬਹਾਦਰੀ ਨੇ ਨਿਡਰਤਾ ਵਾਲੀ ਕੁਰਬਾਨੀ ਦੀ ਚਰਚਾ ਹੋਣ ਲਗੀ।

ਇਸ ਮਕਦਮੇ ਵਿਚ ਜਸਬੀਰ ਸੁਲਤਾਨੀ ਗਵਾਹ ਸੀ। ਉਸ ਨੂੰ ਵੀ ਜਿਹਲ ਭੇਜ ਦਿਤਾ ਗਿਆ ਸੀ, ਪਰ ਕਿਸੇ ਨੂੰ ... ਸੀ ਦਿੱਤਾ ਗਿਆ। ਜਿਸ ਦਿਨ ਜਸਬੀਰ ਦੀ ... ਸੀ, ਉਸ ਦਿਨ ਤੋਂ ਪਹਿਲੀ ਰਾਤ ਉਸ ਨੂੰ ... ਸੀ ਆਈ। ਉਸ ਦੀ ਆਤਮਾ ਉਸ ਨੂੰ ਲਾਹਨਤਾਂ ...ੀ ਸੀ। ਆਤਮਾ ਕਹਿੰਦੀ ਸੀ--ਬੇਸ਼ਰਮੇ, ਆਪਣੇ ... ਆਪਣੇ ਸਾਥੀਆਂ ਨੂੰ ਕੈਦ ਕਰਾਉਣ ਵਾਸਤੇ ਗਵਾਹੀ ਦੇਂਦਿਆਂ ਹੋਇਆਂ ਤੈਨੂੰ ਸ਼ਰਮ ਨਾ ਆਵੇਗੀ। ਜਿਸ ਗੋਰੇ ਸਾਮਰਾਜ ਨੂੰ ਬਚਾਉਣਾ ਚਾਹੁੰਦੀ ਹੈ। ਉਹ ਤੇਰਾ ਕੌਣ ਹੈ? ਤੇਰੇ ਬਾਪ ਨੇ ਵੀ ਤੈਨੂੰ ਲਿੱਖ ਦਿਤਾ ਹੈ, ਜੀਊਂਦੇ ਜੀ ਮੇਹੇ ਮੱਥੇ ਨਾ ਲਗੀਂ।' ਇਸ ਨਾਲੋਂ ਚੰਗਾ ਹੈ ਮਰ ਜਾਹ! ਮਰ ਜਾਹ!!' ਜਸਬੀਰ ਨੇ ਮਨ ਮਾਲ ਫੈਸਲਾ ਕਰ ਲਿਆ। ਪਰ ਕਰੇ ਕਿਦਾਂ? ਉਹ ਦਲੀਲਾਂ ਕਰਦੀ ਰਹੀ। ਦਿਨ ਦੇ ਚੜ੍ਹਾ ਤਕ ਕੋਈ ਫੈਸਲਾ ਨਾ ਕਰ ਸਕੀ।

ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਸਦੇ ...ਨ ਨੇ ਦਲੇਰਾਨਾ ਫੇਸਲਾ ਕਰ ਲਿਆ ਉਸ ਫੈਸਲੇ ਦੇ ਕ... ਤੇ ਉਹਦੇ ਚਿਹਰੇ ਦਾ ਰੰਗ ਬਦਲ ਗਿਆ। ਉਹਦਾ ...ਹਰਾ ਉਸੇ ਤਰਾਂ ਲਾਲ ਹੋ ਗਿਆ ਜਿਵੇਂ ਸੂਰਜ ਲਾਲ ਸੀ।

ਦੇ ਬਣੇ ਹੋਏ ਤਗਮੇ ਉਪਰ ਵਜਾ ਜੋ ਰੁਪੈ ਨਾਲੋਂ ਚੌੜਾ ਸੀ, ਅਤੇ ਹੋਰ ਤਗਮਿਆਂ ਦੇ ਨਾਲ ਗਵਰਨਰ ਦੀ ਬਰਦੀ ਉਤੇ ਲਟਕਾਇਆ ਹੋਇਆ ਸੀ। ਧੂਏਂ ਤੇ ਖੜਕੇ ਨਾਲ ਸਾਰਾ ਹਾਲ ਤ੍ਰਬਕ ਗਿਆ ਗਵਰਨਰ ਪਿਛੇ ਕੁਰਸੀ ਉਤੇ ਡਿਗ ਪਿਆ। ਪੁਲਸ ਹਰਕਤ ਵਿੱਚ ਆ ਗਈ। ਗੋਲੀ ਮਾਰਨ ਵਾਲਾ ਫੜਿਆ ਗਿਆ ਉਸ ਨੇ ਬਿਆਨ ਦਿੱਤਾ, 'ਮੈਂ ਗਵਰਨਰ ਨੂੰ ਗੋਲੀ ਇਸ ਕਰਕੇ ਮਾਰੀ ਹੈ ਕਿ ਇਹ ਡਾਕੂ ਹੈ। ਉਨ੍ਹਾਂ ਵਡੇ ਡਾਕੂਆਂ ਦਾ ਪ੍ਰਤੀਨਿਧ ਹੈ, ਜਿਨ੍ਹਾਂ ਨੇ ਹਿੰਦ ਦੀ ਮਾਸੂਮ ਜਨਤਾ ਨੂੰ ਲੁਟਣ ਵਾਸਤੇ ਕਈ ਪ੍ਰਕਾਰ ਦੇ ਜਾਲ ਵਿਛਾਏ ਹੋਏ ਹਨ। ਇਹ ਪ੍ਰਦੇਸੀ ਹੈ, ਡਾਕੂ ਹੈ, ਮੇਰੇ ਵਤਨ ਦੀ ਯੂਨਵਰਸਟੀ ਦੀਆਂ ਜਿਗਰੀਆਂ ਵੰਡਣ ਦਾ ਇਸ ਨੂੰ ਕੋਈ ਅਧਿਕਾਰ ਨਹੀਂ।'

ਜਲਸਾ ਖਤਮ ਹੋ ਗਿਆ। ਸਾਰ੍ਹੇ ਦੇਸ਼ ਵਿੱਚ ਟੈਲੀਫੋਨ ਖੜਕ ਗਏ, ਤਾਰਾਂ ਭੇਜੀਆਂ ਗਈਆਂ ਕਿ ਜੁਗਗਰਦਾਂ ਦੇ ਇਕ ਸਾਥੀ ਨੇ ਪੰਜਾਬ ਗਵਰਨਰ ਨੂੰ ਗੋਲੀ ਮਾਰੀ ਹੈ ਪਰ ਉਹ ਵਾਲ ਵਾਲ ਬਚ ਗਏ ਹਨ। ਬਚ ਜਾਣ ਤੇ ਹਜ਼ਾਰਾਂ ਤਾਰਾਂ ਤੇ ਦਿਤੀਆਂ ਗਵਰਨਰ ਨੂੰ ਵਸੂਲ ਹੋਈਆਂ।

ਬਾਦਸ਼ਾਹ ਦੇ ਵਿਰੁਧ ਜੰਗ ਕਰਨ ਅਤੇ ਲੋਕਾਂ ਨੂੰ ਲੂਟਣ ਅਤੇ ਪੁਲਸ ਅਫਸਰਾਂ ਨੂੰ ਮਾਰਨ ਦੀਆਂ ਧਮਕੀਆਂ ਆ... ਦੇ ਦੋਸ਼ ਲਾ ਕੇ ਲਾਹੌਰ ਸੈਂਟਰਲ ਜਿਹਲ ਵਿਚ ...ਮਾ ਚਲਾਇਆ ਗਿਆ। ਅਖਬਾਰਾਂ ਵਿਚ ਮੁਕਦਮੇ ਦੇ ਹਾਲ ਛਪੇ। ਦੇਸ਼ ਭਗਤਾਂ ਨੂੰ ਬਚਾਉਣ ਵਾਸਤੇ ਇੱਕ ਕਮੇਟੀ

ਜਸਬੀਰ ਮਿਜੈਸਟਰੇਟ ਦੇ ਸਾਹਮਣੇ ਖਲੋ ਕੇ ਜਸਬੀਰ ਨੇ ਗਵਾਹੀ ਦਿੱਤੀ, 'ਮੈਨੂੰ ਕੁਝ ਪਤਾ ਨਹੀਂ। ਮੈਂ ਕਿਸੇ ਇਨਕਲਾਬੀ ਪਾਰਟੀ ਦੀ ਮੈਂਬਰ ਨਹੀਂ। ਇ ਾਂ ਸਾਰੇ ਮੁਲਜ਼ਮਾਂ ਨੂੰ ਮੈਂ ਨਹੀਂ ਜਾਣਦੀ। ਪੁਲਸ ਮੈਨੂੰ ਐ ਲਈ ਫਿਰਦੀ ਹੈ।' ਇਉਂ ਉਹ ਗਵਾਹੀ ਤੋਂ ਸਾਫ ਮੁਕਰ ਗਈ

ਪੁਲਸ ਦੇ ਸਾਰੇ ਅਫਸਰਾਂ ਦੇ ਪੈਰਾਂ ਹੇਠੋਂ ਮਿਟਾ ਨਿਕਲ ਗਈ। ਉਹ ਮਨ ਹੀ ਮਨ ਕੁੜਨ ਲੱਗੇ। ਪਰ ਅੰਗਰੇਜ਼ੀ ਰਾਜ ਦੇ ਮਿਜੈਸਟਰੇਟ ਨੇ ਪੁਲਸ ਦੀ ਇਜ਼ਤ ਰਖ ੀ। ਉਸ ਨੇ ਬਾਦਸ਼ਾਹ ਵਿਰੁਧ ਜੰਗ ਕਰਨ ਦੇ ਦੋਸ਼ ਵਿੱਚ ਸਾਰਿਆਂ ਦੋਸ਼ੀਆਂ ਨੂੰ ਭਾਰੀ ਸਜ਼ਾਵਾਂ ਦੇ ਦਿੱਤੀਆਂ। ਕਿਸੇ ਨੂੰ ਦਸ ਸਾਲ ਤੇ ਕਿਸੇ ਨੂੰ ਵੀਹ ਸਾਲ 'ਬਾਗੀ ਸੁੰਦਰੀ' ਵੀਨਾ ਨੂੰ ਤਿੰਨਾਂ ਮੁਕਦਮਿਆਂ ਵਿੱਚ ਤੀਹ ਸਾਲ ਸਜ਼ਾ ਦਿਤੀ। ਉਸਦੇ ਭਰਾ ਰਾਮ ਪ੍ਰਸ਼ਾਦ ਨੂੰ ਵੀਹ ਸਾਲ। ਜਸਬੀਰ ਨੂੰ ਪੰਜ ਸਾਲ। ਸਭ ਨੂੰ ਲੰਮੀਆਂ ਸਜਾਵਾਂ ਦੇਕੇ ਜਿਹਲ ਵਲ ਤੋਰ ਦਿੱਤਾ। ਸਭ ਨੇ ਨਾਹਰਾ ਲਾਇਆ—'ਇੰਨਕਲਾਬ ਜ਼ਿੰਦਾਬਾਂਦ!'

॥ ਇਤੀ ॥

ਇੰਦ੍ਰਜੀਤ ਪ੍ਰਿੰਟਿੰਗ ਪ੍ਰੈੱਸ ਬਜ਼ਾਰ ਧੋਬੀਆਂ ਅੰਮ੍ਰਿਤਸਰ ਵਿਚ ਛਪੀ।